Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 233 | Tuesday, December 06, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਜਿਨਸੀ ਹਮਲੇ ਦੇ ਦੋਸ਼ ਤੋਂ ਫੋਰਟਿਨ ਨੂੰ ਕੀਤਾ ਗਿਆ ਬਰੀ

ਕਿਊਬਿਕ, 5 ਦਸੰਬਰ (ਪੋਸਟ ਬਿਊਰੋ) : 1988 ਦੇ ਜਿਨਸੀ ਹਮਲੇ ਦੇ ਇੱਕ ਮਾਮਲੇ ਵਿੱਚ ਕਿਊਬਿਕ ਦੇ ਸਿਵਲੀਅਨ ਜੱਜ ਵੱਲੋਂ ਮੇਜਰ ਜਨਰਲ ਡੈਨੀ ਫੋਰਟਿਨ ਨੂੰ ਬਰੀ ਕਰ ਦਿੱਤਾ ਗਿਆ ਹੈ।



ਜੱਜ ਰਿਚਰਡ ਮੈਰੇਡਿੱਥ ਨੇ ਫੈਸਲਾ ਸੁਣਾਉਂਦਿਆਂ ਆਖਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਸ਼ਿਕਾਇਤਕਰਤਾ ਉੱਤੇ ਜਿਨਸੀ ਹਮਲਾ ਜ਼ਰੂਰ ਹੋਇਆ ਹੋਵੇਗਾ ਪਰ ਕ੍ਰਾਊਨ ਇਹ ਸਿੱਧ ਕਰਨ ਵਿੱਚ ਕਾਮਯਾਬ ਨਹੀਂ ਹੋ ਸਕੇ ਕਿ ਫੋਰਟਿਨ ਹੀ ਉਹ ਸ਼ਖਸ ਸੀ ਜਿਸ ਨੇ ਉਸ ਮਹਿਲਾ ਉੱਤੇ ਹਮਲਾ ਕੀਤਾ ਸੀ। ਜ਼ਿਕਰਯੋਗ ਹੈ ਕਿ ਫੋਰਟਿਨ ਮਈ 2021 ਤੱਕ ਕੋਵਿਡ-19 ਵੈਕਸੀਨ ਵੰਡ ਵਾਸਤੇ ਫੈਡਰਲ ਸਰਕਾਰ ਵੱਲੋਂ ਇਨ ਚਾਰਜ ਫੌਜੀ ਅਧਿਕਾਰੀ ਸਨ। ਪਰ ਜਦੋਂ ਇਸ ਤਰ੍ਹਾਂ ਦੇ ਇਲਜ਼ਾਮ ਉਨ੍ਹਾਂ ਉੱਤੇ ਲਗਾਏ ਗਏ ਤਾਂ ਉਨ੍ਹਾਂ ਨੂੰ ਇਸ ਅਹੁਦੇ ਤੋਂ ਹਟਾ ਦਿੱਤਾ ਗਿਆ।

ਇਹ ਫੈਸਲਾ ਆਉਣ ਤੋਂ ਕੁੱਝ ਸਮੇਂ ਬਾਅਦ ਹੀ ਫੋਰਟਿਨ ਨੇ ਇਹ ਦਾਅਵਾ ਕੀਤਾ ਕਿ ਉਸ ਨੂੰ ਸਿਆਸੀ ਦਖਲਅੰਦਾਜ਼ੀ ਦਾ ਸ਼ਿਕਾਰ ਬਣਾਇਆ ਗਿਆ। ਉਨ੍ਹਾਂ ਪੱਤਰਕਾਰਾਂ ਸਾਹਮਣੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਫੌਜ ਵਿੱਚ ਉਨ੍ਹਾਂ ਨੂੰ ਇਸ ਅਹੁਦੇ ਦੇ ਬਰਾਬਰ ਦੇ ਅਹੁਦੇ ਉੱਤੇ ਬਹਾਲ ਕੀਤਾ ਜਾਵੇ। ਇਹ ਦੋਸ ਫੋਰਟਿਨ ਉੱਤੇ ਉਸ ਸਮੇਂ ਦੇ ਹਨ ਜਦੋਂ ਉਹ ਸੇਂਟ ਜੀਨ ਸੁਰ ਰਿਸੇਲਿਊ, ਕਿਊਬਿਕ ਵਿੱਚ ਮਿਲਟਰੀ ਕਾਲਜ ਵਿੱਚ ਸਨ ਤੇ ਸ਼ਿਕਾਇਤਕਰਤਾ ਵੀ ਉੱਥੇ ਹੀ ਟਰੇਨਿੰਗ ਕਰਦੀ ਸੀ।

ਸ਼ਿਕਾਇਤਕਰਤਾ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਸ ਉੱਤੇ ਫੋਰਟਿਨ ਵੱਲੋਂ ਹੀ ਜਿਨਸੀ ਹਮਲਾ ਕੀਤਾ ਗਿਆ ਸੀ ਤੇ ਉਸ ਦੇ ਵਕੀਲ ਨੇ ਦੱਸਿਆ ਕਿ 2021 ਵਿੱਚ ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਉਹ ਰਿਟਾਇਰ ਹੋ ਗਈ ਕਿਉਂਕਿ ਜੇ ਉਹ ਪਹਿਲਾਂ ਬੋਲਦੀ ਤਾਂ ਉਸ ਨੂੰ ਆਪਣਾ ਕਰੀਅਰ ਖਰਾਬ ਹੋਣ ਦਾ ਡਰ ਸੀ।

## ਚੀਨ ਵੱਲੋਂ ਕੈਨੇਡਾ ਵਿੱਚ ਚਲਾਏ ਜਾ ਰਹੇ ਦੋ ਹੋਰ ਪੁਲਿਸ ਸਟੇਸ਼ਨਜ਼ ਦਾ ਲੱਗਿਆ ਪਤਾ

ਟੋਰਾਂਟੋ, 5 ਦਸੰਬਰ (ਪੋਸਟ ਬਿਊਰੋ) : ਇੱਕ ਮਨੁੱਖੀ ਅਧਿਕਾਰੀ ਸੰਸਥਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਦੁਨੀਆਂ ਭਰ ਵਿੱਚ ਦਰਜਨਾਂ ਅਜਿਹੇ ਪੁਲਿਸ ਸਰਵਿਸ ਸੈਂਟਰ ਮਿਲੇ ਹਨ ਜਿਹੜੇ ਕਥਿਤ ਤੌਰ ਉੱਤੇ ਚੀਨ ਵੱਲੋਂ ਚਲਾਏ ਜਾ ਰਹੇ ਹਨ। ਇਨ੍ਹਾਂ ਵਿੱਚੋਂ ਹੀ ਘੱਟੋ ਘੱਟ ਦੋ ਅਜਿਹੇ ਹਨ ਜਿਹੜੇ ਕੈਨੇਡਾ ਵਿੱਚ ਹਨ।



ਸੋਮਵਾਰ ਨੂੰ ਜਾਰੀ ਕੀਤੀ ਗਈ ਨਵੀਂ ਰਿਪੋਰਟ ਵਿੱਚ ਸਪੇਨ ਸਥਿਤ ਗੈਰ ਸਰਕਾਰੀ ਸੰਸਥਾ ਸੇਫਗਾਰਡ ਡਿਫੈਂਡਰਜ਼ ਨੇ ਆਖਿਆ ਕਿ ਉਨ੍ਹਾਂ ਵੱਲੋਂ ਪੀਪਲਜ਼ ਰਿਪਬਲਿਕ ਆਫ ਚਾਈਨਾ ਦੇ ਅਧਿਕਾਰੀਆਂ, ਚੀਨੀ ਪੁਲਿਸ ਤੇ ਸਟੇਟ ਮੀਡੀਆ ਦੇ ਖੁੱਲ੍ਹੇ ਬਿਆਨ ਦੀ ਵਰਤੋਂ ਕਰਕੇ ਹੀ ਇਸ ਗੱਲ ਦਾ ਪਤਾ ਲਾਇਆ ਗਿਆ ਹੈ ਕਿ ਇਸ ਤਰ੍ਹਾਂ ਦੇ ਪੁਲਿਸ ਸਟੇਸ਼ਨ ਹੋਰਨਾਂ ਮੁਲਕਾਂ ਵਿੱਚ ਸਥਿਤ ਹਨ। ਇਸ ਦਾ ਖੁਲਾਸਾ ਸਪੇਨ ਦੀ ਇਸ ਸੰਸਥਾ ਵੱਲੋਂ ਪੈਟਰੋਲ ਐਂਡ ਪਰਸੂਏਡ ਨਾਂ ਦੀ ਰਿਪੋਰਟ ਵਿੱਚ ਕੀਤਾ।

ਸਤੰਬਰ ਵਿੱਚ ਵੀ ਇਸ ਤਰ੍ਹਾਂ ਦੇ 54 ਸਟੇਸ਼ਨਜ਼ ਹੋਣ ਦਾ ਪਤਾ ਲੱਗਿਆ ਸੀ, ਇਸ ਨਾਲ 53 ਦੇਸ਼ਾਂ ਵਿੱਚ ਇਸ ਤਰ੍ਹਾਂ ਦੇ ਸਟੇਸ਼ਨਾਂ ਦੀ ਕੁੱਲ ਗਿਣਤੀ 102 ਤੱਕ ਅੱਪੜ ਗਈ ਹੈ। ਸੇਫਗਾਰਡ ਡਿਫੈਂਡਰਜ਼ ਨੇ ਆਖਿਆ ਕਿ ਕੁੱਝ ਮੇਜ਼ਬਾਨ ਮੁਲਕਾਂ ਵੱਲੋਂ ਵੀ ਇਸ ਤਰ੍ਹਾਂ ਦੇ ਸੈਂਟਰ ਖੋਲ੍ਹਣ ਵਿੱਚ ਸਹਿਯੋਗ ਕੀਤਾ ਗਿਆ ਹੈ। ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਇਨ੍ਹਾਂ ਸਟੇਸ਼ਨਾਂ ਰਾਹੀਂ ਉਨ੍ਹਾਂ ਚੀਨੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਜਿਹੜੇ ਵਿਦੇਸ਼ਾਂ ਵਿੱਚ ਰਹਿ ਰਹੇ ਹਨ ਤੇ ਖਾਸਤੌਰ ਉੱਤੇ ਜਿਨ੍ਹਾਂ ਨੇ ਚੀਨ ਵਿੱਚ ਕੋਈ ਜੁਰਮ ਕੀਤਾ ਹੁੰਦਾ ਹੈ ਤੇ ਉਨ੍ਹਾਂ ਨੂੰ ਦੇਸ਼ ਪਰਤਣ ਲਈ ਮਜਬੂਰ ਵੀ ਕੀਤਾ ਜਾਂਦਾ ਹੈ।

ਸੇਫਗਾਰਡ ਡਿਫੈਂਡਰਜ਼ ਦੀ ਰਿਪੋਰਟ ਅਨੁਸਾਰ ਅਜਿਹੇ ਤਿੰਨ ਪੁਲਿਸ ਸਟੇਸ਼ਨਾਂ ਦੀ ਪੁਸ਼ਟੀ ਪਹਿਲਾਂ ਜੀਟੀਏ ਵਿੱਚ ਹੋਈ, ਜਿਹੜੇ ਚੀਨ ਦੇ ਸ਼ਹਿਰ ਫੁਜੋਊ ਤੋਂ ਆਪਰੇਟ ਕੀਤੇ ਜਾ ਰਹੇ ਹਨ। ਇੱਕ ਹੋਰ ਨਵੇਂ ਸੈਂਟਰ ਦੀ ਪੁਸ਼ਟੀ ਵੈਨਕੂਵਰ ਵਿੱਚ ਹੋਈ ਹੈ ਤੇ ਇਹ ਵੈਨਜ਼ੋਊ ਤੋਂ ਆਪਰੇਟ ਕੀਤਾ ਜਾ ਰਿਹਾ ਹੈ। ਇੱਕ ਹੋਰ ਅਜਿਹਾ ਹੀ ਪੁਲਿਸ ਸਟੇਸ਼ਨ ਹੈ ਜਿਸ ਨੂੰ ਨੈਨਤੌਂਗ ਤੋਂ ਆਪਰੇਟ ਕੀਤਾ ਜਾ ਰਿਹਾ ਹੈ। ਆਰਸੀਐਮਪੀ ਵੱਲੋਂ ਸੋਮਵਾਰ ਨੂੰ ਆਖਿਆ ... ਬਾਕੀ ਸਫਾ 2 'ਤੇ

## ਕੈਨੇਡੀਅਨ ਫੌਜ ਵਿੱਚ ਭਰਤੀ ਹੋਣ ਲਈ ਹੁਣ ਪਰਮਾਨੈਂਟ ਰੈਜ਼ੀਡੈਂਟਸ ਵੀ ਕਰ ਸਕਣਗੇ ਅਪਲਾਈ

ਓਟਵਾ, 5 ਦਸੰਬਰ (ਪੋਸਟ ਬਿਊਰੋ) : ਪਰਮਾਨੈਂਟ ਰੈਜ਼ੀਡੈਂਟਸ ਵੀ ਹੁਣ ਕੈਨੇਡੀਅਨ ਆਰਮਡ ਫੋਰਸਿਜ਼ ਜੁਆਇਨ ਕਰ ਸਕਣਗੇ।



ਰਕਰੂਟਮੈਂਟ ਨੰਬਰ ਵਧਾਉਣ ਲਈ ਕੈਨੇਡਾ ਦੀ ਫੌਜ ਵੱਲੋਂ ਕੀਤਾ ਜਾਣਾ ਵਾਲਾ ਇਹ ਤਾਜ਼ਾ ਉਪਰਾਲਾ ਹੈ। ਜ਼ਿਕਰਯੋਗ ਹੈ ਕਿ ਮਾਰਚ ਤੱਕ ਕੈਨੇਡਾ ਦੀ ਫੌਜ ਨੂੰ 5,900 ਨਵੇਂ ਮੈਂਬਰ ਭਰਤੀ ਕਰਨੇ ਸਨ ਪਰ ਇਹ ਟੀਚਾ ਪੂਰਾ ਨਹੀਂ ਹੋ ਸਕਿਆ। ਅਧਿਕਾਰੀਆਂ ਵੱਲੋਂ ਦੋਸ਼ ਲਾਇਆ ਗਿਆ ਹੈ ਕਿ ਇਹ ਟੀਚਾ ਪੂਰਾ ਨਾ ਹੋਣ ਪਿੱਛੇ ਕੁੱਝ ਕਾਰਨ ਜ਼ਿੰਮੇਵਾਰ ਹਨ ਜਿਨ੍ਹਾਂ ਵਿੱਚ ਕੋਵਿਡ-19 ਮਹਾਂਮਾਰੀ ਤੇ ਫੌਜ ਵਿੱਚ ਜਿਨਸੀ ਸ਼ੋਸ਼ਣ ਦੇ ਸਾਹਮਣੇ ਆਉਣ ਵਾਲੇ ਮਾਮਲੇ ਮੁੱਖ ਤੌਰ ਉੱਤੇ ਸ਼ਾਮਲ ਹਨ। ਇਸ ਕਾਰਨ 8000 ਸੈਨਿਕ, ਸੇਲਰਜ਼ ਤੇ ਏਵੀਏਟਰਜ਼ ਫੌਜ ਕੋਲ ਘੱਟ ਹਨ। ਹੁਣ ਤੱਕ ਇਹ ਪ੍ਰਬੰਧ ਸੀ ਕਿ ਕੈਨੇਡਾ ਦੇ ਪਰਮਾਨੈਂਟ ਰੈਜ਼ੀਡੈਂਟਸ ਉਦੋਂ ਹੀ ਫੌਜ ਵਿੱਚ ਜਾ ਸਕਦੇ ਸਨ ਜੇ ਉਹ ਸਕਿੱਲਡ ਪ੍ਰੋਫੈਸ਼ਨਲਜ਼ ਹੁੰਦੇ ਸਨ ਤੇ ਜਿਨ੍ਹਾਂ ਨੂੰ ਵਿਦੇਸ਼ੀ ਫੌਜ ਵੱਲੋਂ ਸਿਖਲਾਈ ਪ੍ਰਾਪਤ ਹੁੰਦੀ ਸੀ। ਪਰ ਫੈਡਰਲ ਸਰਕਾਰ ਵੱਲੋਂ ਹੁਣ ਇਸ ਸਬੰਧ ਵਿੱਚ ਅਰਜ਼ੀਆਂ ਹਾਸਲ ਕਰਨ ਦਾ ਦਾਇਰਾ ਵਧਾਇਆ ਜਾ ਰਿਹਾ ਹੈ। ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਦਾ ਕਹਿਣਾ ਹੈ ਕਿ ਮਿਲਟਰੀ ਜੁਆਇਨ ਕਰਨ ਨਾਲ ਪਰਮਾਨੈਂਟ ਰੈਜ਼ੀਡੈਂਟਸ ਨੂੰ ਨਾਗਰਿਕਤਾ ਹਾਸਲ ਕਰਨ ਵਿੱਚ ਮਦਦ ਮਿਲ ਸਕਦੀ ਹੈ। ਅਜਿਹਾ ਇਸ ਲਈ ਕਿਉਂਕਿ ਉਨ੍ਹਾਂ ਦੀਆਂ ਅਰਜ਼ੀਆਂ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਤਰਜੀਹ ਦਿੱਤੀ ਜਾਵੇਗੀ।

## ਨਵੀਂ ਡੀਲ ਦੇ ਹੱਕ ਵਿਚ ਓਨਟਾਰੀਓ ਦੇ ਐਜੂਕੇਸ਼ਨ ਵਰਕਰਜ਼ ਨੇ ਦਿੱਤਾ ਫਤਵਾ

ਓਨਟਾਰੀਓ, 5 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਹਜ਼ਾਰਾਂ ਐਜੂਕੇਸ਼ਨ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਵੱਲੋਂ ਪ੍ਰੋਵਿੰਸ ਨਾਲ ਪਿੱਛੇ ਜਿਹੇ ਸਿਰੇ ਚੜ੍ਹਾਈ ਗਈ ਡੀਲ ਉੱਤੇ ਹੀ ਇਸ ਦੇ ਮੈਂਬਰਾਂ ਵੱਲੋਂ ਸਹਿਮਤੀ ਦੀ ਮੋਹਰ ਲਾਈ ਗਈ ਹੈ।



ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਕੂਪ) ਨੇ ਸੋਮਵਾਰ ਸਵੇਰੇ ਐਲਾਨ ਕੀਤਾ ਕਿ ਉਨ੍ਹਾਂ ਦੇ 73 ਫੀ ਸਦੀ ਮੈਂਬਰਾਂ ਵੱਲੋਂ ਇਸ ਡੀਲ ਦੇ ਹੱਕ ਵਿੱਚ ਫਤਵਾ ਦਿੱਤਾ ਗਿਆ ਹੈ। ਯੂਨੀਅਨ ਨੇ ਆਖਿਆ ਕਿ ਇਸ ਵੋਟਿੰਗ ਵਿੱਚ ਉਨ੍ਹਾਂ ਦੇ ਤਿੰਨ ਤਿਹਾਈ ਮੈਂਬਰਾਂ ਨੇ ਹਿੱਸਾ ਲਿਆ। ਕੂਪ ਦੇ ਓਨਟਾਰੀਓ ਸਕੂਲ ਬੋਰਡਜ਼ ਕਾਊਂਸਲ ਆਫ ਯੂਨੀਅਨਜ਼ (ਓਐਸਬੀਸੀਯੂ) ਦੀ ਪ੍ਰੈਜ਼ੀਡੈਂਟ ਲੌਰਾ ਵਾਲਟਨ ਨੇ ਆਖਿਆ ਕਿ ਸਾਰਿਆਂ ਨੂੰ ਇੱਕਠਿਆਂ ਕਰਕੇ ਇਸ ਫੈਸਲੇ ਉੱਤੇ ਸਹਿਮਤੀ ਬਣਾਉਣਾ ਬਹੁਤ ਔਖਾ ਕੰਮ ਸੀ।

ਜ਼ਿਕਰਯੋਗ ਹੈ ਕਿ ਕੂਪ ਵੱਲੋਂ 55,000 ਐਜੂਕੇਸ਼ਨਲ ਸਪੋਰਟ ਸਟਾਫ, ਜਿਨ੍ਹਾਂ ਵਿੱਚ ਕਸਟੋਡੀਅਨਜ਼, ਐਜੂਕੇਸ਼ਨ ਅਸਿਸਟੈਂਟਸ, ਅਰਲੀ ਚਾਈਲਡਹੁੱਡ ਐਜੂਕੇਟਰਜ਼ ਤੇ ਪ੍ਰਸ਼ਾਸਕੀ ਸਟਾਫ ਸ਼ਾਮਲ ਹੈ, ਦੀ ਨੁਮਾਇੰਦਗੀ ਕੀਤੀ ਜਾਂਦੀ ਹੈ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

HOME APPLIANCES STORE
ANNIVERSARY SPECIAL DEAL
UPGRADE LAUNDRY IN JUST $99*
PRICE $5199* NO TAX
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
416-551-5553
WWW.OURRHOMEAPPLIANCES.COM

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਮੁੱਕਿਆ ਚੱਕਰ ਗੁਜਰਾਤ ਦੀ ਚੋਣ ਵਾਲਾ,
ਦਿੱਲੀ ਚੋਣ ਦਾ ਚੱਕਰ ਗਿਆ ਮੁੱਕ ਬੇਲੀ।
ਹਿਮਾਚਲ ਵਿੱਚ ਵੀ ਹੋਈ ਸੀ ਚੋਣ ਜਿਹੜੀ,
ਰਹੀਆਂ ਧਿਰਾਂ ਰਿਵਾਇਤੀ ਆ ਬੁੱਕ ਬੇਲੀ।
ਭਾਜਪਾ, ਆਪ ਜਾਂ ਬੋਲਣ ਤਾਂ ਕਾਂਗਰਸੀਏ,
ਕਹਿ ਰਹੇ ਫੱਟੇ ਹੀ ਦਿੱਤੇ ਹਨ ਚੁੱਕ ਬੇਲੀ।
ਕੋਈ ਨਹੀਂ ਜਾਣਦਾ ਵੋਟਰਫਿਰ ਕੀ ਕੀਤਾ,
ਕਿਸ ਦਾ ਦਿੱਤਾ ਗਿਆ ਬੰਨ੍ਹ ਹੈ ਠੁੱਕ ਬੇਲੀ।
ਰਹਿੰਦੇ ਗਿਣਤੀਆਂ ਦੇ ਦੋਹਨ ਦਿਨ ਬਾਕੀ,
ਮੁਸ਼ਕਲ ਬਾਹਲੀ ਹੈ ਕਰਨ ਉਡੀਕ ਬੇਲੀ।
ਭੁਲਾ ਕੇ ਵੋਟਰ ਤੇ ਹਵਨ ਹਨ ਕਰਨ ਲੱਗੇ,
ਸੂਲੀ ਨਾਲ ਲਟਕਦੇ ਜਿਹੜੇ ਸ਼ਰੀਕ ਬੇਲੀ।

**ਤੀਸ ਮਾਰ ਖਾਂ**

# 2023 ਵਿੱਚ ਕੈਨੇਡੀਅਨ ਪਰਿਵਾਰਾਂ ਨੂੰ ਗ੍ਰੋਸਰੀ ਲਈ ਦੇਣੇ ਪੈਣਗੇ 1,065 ਡਾਲਰ ਹੋਰ



ਹੈਲੀਫੈਕਸ, 5 ਦਸੰਬਰ (ਪੋਸਟ ਬਿਊਰੋ) : ਕੈਨੇਡੀਅਨਜ਼ ਨੂੰ ਅਜੇ ਖਾਣ-ਪੀਣ ਦੇ ਮਾਮਲੇ ਵਿੱਚ ਮਹਿੰਗਾਈ ਦਾ ਹੋਰ ਸਾਹਮਣਾ ਕਰਵਾਉਣਾ ਪਵੇਗਾ।

ਕੈਨੇਡਾ ਵਿੱਚ ਫੂਡ ਦੀਆਂ ਕੀਮਤਾਂ ਇਸ ਸਾਲ ਹੋਰ ਵਧਣ ਦੀ ਸੰਭਾਵਨਾ ਹੈ। 2023 ਵਿੱਚ ਫੂਡ ਦੀਆਂ ਕੀਮਤਾਂ ਸੱਤ ਫੀ ਸਦੀ ਹੋਰ ਵਧਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ।ਚਾਰ ਲੋਕਾਂ ਦੇ ਟੱਬਰ ਲਈ ਗ੍ਰੌਸਰੀ ਦਾ ਕੁੱਲ ਸਾਲਾਨਾ ਖਰਚਾ 16,288 ਡਾਲਰ ਰਹਿਣ ਦੀ ਸੰਭਾਵਨਾ ਹੈ। ਇਹ ਇਸ ਸਾਲ ਨਾਲੋਂ ਵੀ 1,065 ਡਾਲਰ ਵੱਧ ਹੋਵੇਗਾ। ਇਹ ਖੁਲਾਸਾ ਸੋਮਵਾਰ ਨੂੰ ਕੈਨੇਡਾ ਦੇ ਫੂਡ ਪ੍ਰਾਈਸ ਰਿਪੋਰਟ ਦੇ ਜਾਰੀ ਹੋਏ 13ਵੇਂ ਅਡੀਸ਼ਨ ਵਿੱਚ ਹੋਇਆ।

ਇਸ ਰਿਪੋਰਟ ਤੇ ਸਟੈਟੇਸਟਿਕਸ ਕੈਨੇਡਾ ਦੀ ਰਿਪੋਰਟ ਅਨੁਸਾਰ ਕੈਨੇਡਾ ਵਿੱਚ 40 ਸਾਲ ਦੀ ਸਿੰਗਲ ਮਹਿਲਾ ਨੂੰ ਅਗਲੇ ਸਾਲ ਗ੍ਰੌਸਰੀ ਵਾਸਤੇ 3,740 ਡਾਲਰ ਦੇਣੇ ਪੈਣਗੇ ਜਦਕਿ ਇਸੇ ਉਮਰ ਦੇ ਇੱਕ ਸਿੰਗਲ ਵਿਅਕਤੀ ਲਈ 4,168 ਡਾਲਰ ਦੇਣੇ ਹੋਣਗੇ। ਇਸ ਰਿਪੋਰਟ ਦੇ ਲੀਡ ਆਥਰ ਤੇ ਡਲਹੌਜ਼ੀ ਯੂਨੀਵਰਸਿਟੀ ਦੇ ਫੂਡ ਡਿਸਟ੍ਰਿਬਿਊਸ਼ਨ ਐਂਡ ਪਾਲਿਸੀ ਦੇ ਪ੍ਰੋਫੈਸਰ ਸਿਲਵੀਅਨ ਸ਼ਾਰਲੇਬੌਇਸ ਨੇ ਆਖਿਆ ਕਿ ਖਾਣੇ ਦੀ ਕੀਮਤ 2023 ਦੀ ਸ਼ੁਰੂਆਤੀ ਛਿਮਾਹੀ ਵਿੱਚ ਵੱਧ ਰਹਿਣ ਦੀ ਉਮੀਦ ਹੈ।

ਅਗਲੇ ਸਾਲ ਫੂਡ ਦੀਆਂ ਕੀਮਤਾਂ ਕਈ ਕਾਰਨਾਂ ਕਰਕੇ ਜਿਵੇਂ ਕਲਾਈਮੇਟ ਚੇਂਜ, ਜੀਓਪੁਲੀਟਿਕਲ ਝਗੜਿਆਂ, ਐਨਰਜੀ ਦੀਆਂ ਕੀਮਤਾਂ ਵਿੱਚ ਹੋਣ ਵਾਲੇ ਵਾਧੇ ਤੇ ਕੋਵਿਡ-19 ਦੇ ਪ੍ਰਭਾਵਾਂ ਕਾਰਨ ਵੱਧ ਰਹਿ ਸਕਦੀਆਂ ਹਨ। ਫੂਡ ਦੀਆਂ ਕੀਮਤਾਂ ਵਿੱਚ ਕਰੰਸੀ ਵਿੱਚ ਆਉਣ ਵਾਲੇ ਉਤਰਾਅ ਚੜ੍ਹਾਅ ਕਾਰਨ ਵੀ ਅਸਰ ਪਵੇਗਾ। ਕਮਜ਼ੋਰ ਕੈਨੇਡੀਅਨ ਡਾਲਰ ਕਾਰਨ ਲੈਟਸ ਵਰਗੀਆਂ ਸਬਜ਼ੀਆਂ ਹੋਰ ਮਹਿੰਗੀਆਂ ਹੋ ਸਕਦੀਆਂ ਹਨ।

# ਮਿਸੀਸਾਗਾ ਵਿੱਚ ਸ਼ੂਟਿੰਗ ਕਾਰਨ ਦੋ ਜ਼ਖ਼ਮੀ, ਇੱਕ ਦੀ ਹਾਲਤ ਨਾਜ਼ੁਕ




ਮਿਸੀਸਾਗਾ, 5 ਦਸੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਸ਼ਨਿੱਚਰਵਾਰ ਸ਼ਾਮ ਨੂੰ ਚੱਲੀ ਗੋਲੀ ਮਗਰੋਂ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਇਹ ਘਟਨਾ ਬਰਨਥੌਰਪ ਰੋਡ ਦੇ ਦੱਖਣ ਤੇ ਹਾਈਵੇਅ 403 ਦੇ ਪੂਰਬ ਵੱਲ ਕਾਲਜਵੇਅ 3420 ਉੱਤੇ ਸ਼ਾਮੀਂ 6:20 ਉੱਤੇ ਵਾਪਰੀ। ਪੀਲ ਰੀਜਨਲ ਪੁਲਿਸ ਅਨੁਸਾਰ ਸ਼ੂਟਿੰਗ ਵਿੱਚ ਦੋ ਵਿਅਕਤੀ ਸ਼ਾਮਲ ਸਨ, ਜਿਨ੍ਹਾਂ ਵਿੱਚੋਂ ਇੱਕ ਗੰਭੀਰ ਜ਼ਖ਼ਮੀ ਹੋ ਗਿਆ। ਉਸ ਵਿਅਕਤੀ ਨੂੰ ਪੁਲਿਸ ਸਟੇਸ਼ਨ ਲਿਜਾਇਆ ਗਿਆ। ਦੂਜੇ ਵਿਅਕਤੀ ਨੂੰ ਮਾਮੂਲੀ ਸੱਟਾਂ ਲੱਗੀਆਂ। ਪੀਲ ਰੀਜਨਲ ਪੁਲਿਸ ਦੇ ਇੰਸਪੈਕਟਰ ਟਿੰਮ ਨਾਗਤੇਗਾਲ ਨੇ ਦੱਸਿਆ ਕਿ ਦੋਵਾਂ ਜ਼ਖ਼ਮੀ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ।

ਉਨ੍ਹਾਂ ਇਹ ਵੀ ਆਖਿਆ ਕਿ ਇਸ ਘਟਨਾ ਕਾਰਨ ਜਨਤਾ ਦੀ ਸੇਫਟੀ ਨੂੰ ਕੋਈ ਖਤਰਾ ਨਹੀਂ ਹੈ। ਇਹ ਵੀ ਆਖਿਆ ਗਿਆ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਇਸ ਸ਼ੂਟਿੰਗ ਦਾ ਨੇੜੇ ਸਥਿਤ ਰਿਹਾਇਸ਼ ਨਾਲ ਕੋਈ ਸਬੰਧ ਹੈ। ਅਜੇ ਤੱਕ ਪੁਲਿਸ ਵੱਲੋਂ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ।

# ਚੀਨ ਵੱਲੋਂ ਕੈਨੇਡਾ ਵਿੱਚ ਚਲਾਏ ਜਾ ਰਹੇ ਦੋ ਹੋਰ ਪੁਲਿਸ ਸਟੇਸ਼ਨਜ਼ ਦਾ ਲੱਗਿਆ ਪਤਾ

ਸਫਾ 1 ਦਾ ਬਾਕੀ

ਗਿਆ ਕਿ ਇਸ ਤਥਾ-ਕਥਿਤ ਪੁਲਿਸ ਸਟੇਸ਼ਨਜ਼ ਤੋਂ ਕਿਸੇ ਕਿਸਮ ਦੀ ਮੁਜਰਮਾਨਾਂ ਗਤੀਵਿਧੀ ਤਾਂ ਨਹੀਂ ਚਲਾਈ ਜਾ ਰਹੀ ਇਸ ਮਾਮਲੇ ਦੀ ਉਨ੍ਹਾਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪਰ ਇਸ ਸਬੰਧੀ ਹੋਰ ਵੇਰਵੇ ਮੁਹੱਈਆ ਨਹੀਂ ਕਰਵਾਏ ਗਏ। ਜਦੋਂ ਅਕਤੂਬਰ ਦੇ ਅੰਤ ਵਿੱਚ ਇਸ ਤਰ੍ਹਾਂ ਦੇ ਸਟੇਸ਼ਨਜ਼ ਦੀ ਖਬਰ ਸਾਹ-ਮਣੇ ਆਈ ਸੀ ਤਾਂ ਚੀਨ ਵੱਲੋਂ ਇਹ ਆਖਿਆ ਗਿਆ ਸੀ ਕਿ ਇਹ ਸਟੇਸ਼ਨ ਚੀਨੀ ਲੋਕਾਂ ਦੇ ਡਰਾਈਵਰ ਲਾਇਸੰਸ ਆਦਿ ਨੰਵਿਆਉਣ ਲਈ ਚਲਾਏ ਜਾ ਰਹੇ ਹਨ ਕਿਉਂਕਿ ਬਹੁਤੇ ਚੀਨੀ ਲੋਕ ਕੋਵਿਡ-19 ਮਹਾਂਮਾਰੀ ਦੀਆਂ ਪਾਬੰਦੀਆਂ ਕਾਰਨ ਚੀਨ ਨਹੀਂ ਪਰਤ ਪਾਏ। ਇਹ ਵੀ ਆਖਿਆ ਗਿਆ ਸੀ ਕਿ ਜਿਹੜੇ ਲੋਕਲ ਵਾਲੰਟੀਅਰਜ਼ ਇਨ੍ਹਾਂ ਸਟੇਸ਼ਨਜ਼ ਉੱਤੇ ਕੰਮ ਕਰਦੇ ਹਨ ਉਹ ਚੀਨੀ ਪੁਲਿਸ ਅਧਿਕਾਰੀ ਨਹੀਂ ਹਨ।

# ਐੱਮਸੀਡੀ. ਚੋਣਾਂ: ਐਗਜ਼ਟਿ ਪੋਲ ਵਿਚ 'ਆਪ' ਨੂੰ ਸਪੱਸ਼ਟ ਬਹੁਮਤ, ਭਾਜਪਾ ਤੋਂ ਖੁੰਝ ਸਕਦੀ ਹੈ ਲੋਕਲ ਬਾਡੀਜ਼

ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ)- ਐੱਮ.ਸੀ.ਡੀ. ਚੋਣਾਂ ਵਿਚ ਐਗਜ਼ਿਟ ਪੋਲ ਨੇ ਐੱਮ.ਸੀ.ਡੀ. ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਦਾ ਅਨੁਮਾਨ ਲਗਾਇਆ ਹੈ। ਦਿੱਲੀ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਐਗਜ਼ਿਟ ਪੋਲ ਮੁਤਾਬਿਕ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਵੱਡੀ ਜਿੱਤ ਵੱਲ ਵਧਦੀ ਨਜਰ ਆ ਰਹੀ ਹੈ। ਹੁਣ ਤੱਕ ਦੇ ਐਗਜ਼ਿਟ ਪੋਲ ਵਿਚ 'ਆਪ' ਨੂੰ ਐੱਮ.ਸੀ.ਡੀ. ਚੋਣਾਂ ਵਿਚ 250 ਵਿਚੋਂ 149 ਤੋਂ 171 ਵਾਰਡਾਂ 'ਤੇ ਜਿੱਤ ਦੀ ਗੱਲ ਕਹੀ ਗਈ ਹੈ। ਇਕ ਹੋਰ ਐਗਜ਼ਿਟ ਪੋਲ ਵਿਚ 'ਆਪ' ਨੂੰ 146 ਤੋਂ 156 ਸੀਟਾਂ ਮਿਲਣ ਦੀ ਗੱਲ ਕਹੀ ਗਈ ਹੈ। ਉਥੇ ਹੀ ਦੂਸਰੇ ਐਗਜ਼ਿਟ ਪੋਲ ਨੇ ਭਾਜਪਾ ਨੂੰ 69 ਤੋਂ 91 ਵਾਰਡਾਂ ਵਿਚ ਜਿੱਤ ਦੀ ਭਵਿੱਖਬਾਣੀ ਕੀਤੀ ਹੈ ਜਦੋਂ ਪਹਿਲੇ ਐਗਜ਼ਿਟ ਪੋਲ ਨੇ ਪਾਰਟੀ ਨੂੰ 84 ਤੋਂ 94 ਵਾਰਡਾਂ ਵਿੱਚ ਜਿੱਤਣ ਦਾ ਅਨੁਮਾਨ ਲਗਾਇਆ ਹੈ।ਇਹ ਦੋਵੇਂ ਐਗਜ਼ਿਟ ਪੋਲ ਕਾਂਗਰਸ ਪਾਰਟੀ ਦੀ ਮਾੜੀ ਹਾਲਤ ਦੀ ਭਵਿੱਖਬਾਣੀ ਕਰ ਰਹੇ ਹਨ। ਦੋਵਾਂ ਅਨੁਮਾਨਾਂ ਅਨੁਸਾਰ ਕਾਂਗਰਸ ਨੂੰ 10 ਜਾਂ ਇਸ ਤੋਂ ਘੱਟ ਵਾਰਡਾਂ ਵਿਚ ਜਿੱਤ ਦੀ ਉਮੀਦ ਹੈ। ਦੋਵੇਂ ਐਗਜ਼ਿਟ ਪੋਲ ਦਰਸਾਉਂਦੇ ਹਨ ਕਿ ਦੂਸਰੇ 5 ਤੋਂ 9 ਵਾਰਡ ਜਿੱਤ ਸਕਦੇ ਹਨ। ਐਗਜ਼ਿਟ ਪੋਲ ਦੇ ਅਨੁਮਾਨ ਇਸ ਗੱਲ ਦੀ ਪੁਸ਼ਟੀ ਕਰਦੇ ਜਾਪਦੇ ਹਨ ਕਿ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦੇ ਭ੍ਰਿਸ਼ਟਾਚਾਰ ਦੇ ਖਾਤਮੇ ਦੇ ਸੰਦੇਸ਼ ਨੇ ਵੋਟਰਾਂ ਨੂੰ ਪ੍ਰਭਾਵਿਤ ਕੀਤਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕਿਰਤੀ ਕਿਸਾਨ ਫੋਰਮ ਦੀ ਵਿਸ਼ੇਸ਼ ਮੀਟਿੰਗ ਹੋਈ



ਚੰਡੀਗੜ੍ਹ 5 ਦਸੰਬਰ (ਗਿਆਨ ਸਿੰਘ)- ਕਿਰਤੀ ਕਿਸਾਨ ਫੋਰਮ ਵਲੋਂ ਜਨਰਲ ਬਾਡੀ ਦੀ ਵਿਸੇਸ਼ ਮੀਟਿੰਗ ਕਰਕੇ ਚੇਅਰਮੈਨ ਸ ਸਵਰਨ ਸਿੰਘ ਬੋਪਾਰਾਏ ਸਾਬਕਾ ਆਈ ਏ ਐਸ ਤੇ ਕੋ-ਚੇਅਰਮੈਨ ਸ ਆਰ ਆਈ ਸਿੰਘ ਸਾਬਕਾ ਆਈ ਏ ਐਸ ਦੀ ਪ੍ਰਧਾਨਗੀ ਹੇਠ ਫੋਰਮ ਦੀ ਤਿਆਰ ਹੋ ਰਹੀ ਵੈਬਸਾਈਟ ਦੇ ਸਰੂਪ ਅਤੇ ਵਿਸ਼ਾ ਵਸਤੂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਹ ਫੈਸਲਾ ਕੀਤਾ ਗਿਆ ਕਿ ਸਾਰੇ ਵਿਦਵਾਨ ਮੈਂਬਰ ਫੋਰਮ ਦੇ ਮਕਸਦ ਅਤੇ ਉਦੇਸ਼ ਨੂੰ ਡਿਜੀਟਲ ਮੀਡੀਆ ਰਾਹੀਂ ਦੂਰ ਤਕ ਪਰਚਾਓਂਣ ਲਈ ਹਰ ਸੰਭਵ ਕੋਸ਼ਿਸ਼ ਕਰਨ। ਇਹ ਵੀ ਫੈਸਲਾ ਕੀਤਾ ਗਿਆ ਕਿ ਖੇਤੀਬਾੜੀ, ਪਿੰਡਾਂ ਵਿੱਚ ਵਸਦੇ ਕਿਰਤੀ ਕਿਸਾਨਾਂ ਦੀ ਜਿੰਦਗੀ ਨੂੰ ਦਰਪੇਸ਼ ਚੁਣੌਤੀਆਂ ਦਾ ਬਿਰਤਾਂਤ ਅਤੇ ਇੰਨਾ ਦੇ ਸੰਭਵ ਹਲ ਵੀ ਸੁਝਾਏ ਜਾਣ। ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਲੋਕਾਂ ਦੀਆਂ ਉਮੀਦਾਂ (ੲਣਪੲਚਟਅਟਿੋਨਸ) ਦੀ ਤਰਜਮਾਨੀ ਕਰਦਿਆਂ ਸਾਰੀਆਂ ਲਿਖਤਾਂ ਰਾਜਨੀਤੀ ਤੋਂ ਬਿਲਕੁੱਲ ਵੀ ਪ੍ਰੇਰਿਤ ਨਾ ਹੋਣ। ਸਰਕਾਰਾਂ ਵਲੋਂ ਘੱਟ ਗਿਣਤੀਆਂ ਦੀ ਪਹਿਚਾਣ ਨੂੰ ਖੋਰਾ ਲਾਓਣ ਵਾਲੇ ਹੁਕਮਾਂ ਨੂੰ ਬੇਪਰਦ ਕਰਦਿਆਂ ਕਿਸੇ ਖਾਸ ਫਿਰਕੇ, ਜਥੇਬੰਦੀ ਜਾਂ ਵਿਆਕਤੀ ਦਾ ਜ਼ਿਕਰ ਸਵਿੰਧਾਨਕ ਮਰਿਆਦਾ ਵਿਚ ਹੀ ਕੀਤਾ ਜਾਵੇ।

ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਪਿਛਲੇ ਦੋ ਸਾਲਾਂ ਦੌਰਾਨ ਕਿਸਾਨ ਅੰਦੋਲਨ ਨਾਲ ਸਬੰਧਤ ਫੋਟੋਗ੍ਰਾਫ/ਲਿਖਤਾਂ ਨੂੰ ਵੈਬਸਾਈਟ ਦਾ ਖੂਬਸੂਰਤ ਹਿਸਾ ਬਨਾਓਣ ਲਈ ਭੇਜੀਆਂ ਜਾਣ। ਵੈਬਸਾਈਟ ਦੀ ਰਚਨਾ ਜਲਦੀ ਮੁਕੰਮਲ ਹੋਣ ਤੇ ਫੋਰਮ ਵਲੋਂ ਅਗਲੇ ਕੁਝ ਦਿਨਾਂ ਵਿਚ ਢੁਕਵਾਂ ਰਲੀਜ਼ ਸਮਾਰੋਹ ਅਯੋਜਿਤ ਕਰਕੇ ਇਸਨੂੰ ਪਬਲਿਕ ਡੋਮੇਨ ਵਿਚ ਪਾਇਆ ਜਾਵੇਗਾ।

ਚੇਅਰਮੈਨ ਸ ਸਵਰਨ ਸਿੰਘ ਬੋਪਾਰਾਏ ਅਤੇ ਕੋ-ਚੇਅਰਮੈਨ ਸ ਆਰ ਆਈ ਸਿੰਘ ਵਲੋਂ ਸਾਰੇ ਮੈਂਬਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਕਿਰਤੀ ਕਿਸਾਨਾਂ,ਖੇਤੀ ਬਾੜੀ ਅਤੇ ਦਿਹਾਤੀ ਵਿਕਾਸ ਨਾਲ ਸਬੰਧਤ ਲਿਖਤਾਂ ਰਾਹੀਂ ਆਪਣੀ ਰਾਇ ਅਤੇ ਸੁਝਾਓ ਭੇਜੇ ਜਾਣ। ਸਾਰਿਆਂ ਦੇ ਸੁਹਿਰਦ ਯਤਨਾਂ ਨਾਲ ਅਸੀਂ ਰਲ ਕੇ ਕਿਰਤੀ , ਕਿਸਾਨਾਂ ਅਤੇ ਮਜਦੂਰਾਂ ਦੀ ਜਿੰਦਗੀ ਵਿਚ ਗੁਣਾਤਮਕ ਤਬਦੀਲੀ ਲਿਆਉਣ ਵਿਚ ਜਰੂਰ ਕਾਮਯਾਬ ਹੋਵਾਂਗੇ। ਵੈਬਸਾਈਟ ਲਈ ਮੈਂਬਰਾਂ ਕੋਲ ਉਪਲਭਦ ਤਸਵੀਰਾਂ ਹੇਠ ਲਿਖੀ ਮੇਲ ਤੇ ਭੇਜਣ ਦੀ ਖੇਚਲ ਕੀਤੀ ਜਾਵੇ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਨਿਰਵੈਰ, ਨਿਰਛਲ, ਨਿਸ਼ਕਪਟ ਸੁਭਾ ਦੇ ਸਵਾਮੀ ਭਾਈ ਮਰਦਾਨਾ ਜੀ


-ਦਿਲਜੀਤ ਸਿੰਘ ਬੇਦੀ

ਭਾਈ ਮਰਦਾਨਾ ਜੀ ਦੇ ਗੁਰੂ ਨਾਨਕ ਸਾਹਿਬ ਦੇ ਨਾਲ ਬਿਤਾਏ ਸਮੇਂ ਤੋਂ ਭਲੀ - ਭਾਂਤ ਗਿਆਤ ਹੋ ਜਾਂਦਾ ਹੈ ਕਿ ਭਾਈ ਮਰਦਾਨਾ ਜੀ ਇਕ ਨੇਕ ਦਿਲ, ਨਿਰਵੈਰ, ਨਿਰਛਲ, ਨਿਸ਼ਕਪਟ ਅਤੇ ਗੰਭੀਰ ਸੁਭਾ ਦੇ ਸਵਾਮੀ ਸਨ, ਨਹੀਂ ਤਾਂ ਗੁਰੂ ਨਾਨਕ ਸਾਹਿਬ ਦੇ ਨਾਲ ਉਦਾਸੀਆਂ ਦੇ ਸਮੇਂ, ਜੰਗਲਾਂ, ਪਹਾੜਾਂ, ਸਮੁੰਦਰਾਂ ਦੇ ਸਫਰ ਇਤਨੇ ਆਸਾਨ ਨਹੀਂ ਸਨ। ਭਾਈ ਮਰਦਾਨਾ ਜੀ ਵਰਗੀ ਮਹਾਨ ਸ਼ਖ਼ਸੀਅਤ ਦਾ ਗੁਰੂ ਨਾਨਕ ਸਾਹਿਬ ਦੇ ਨਾਲ ਜੁੜਨਾ ਵੀ ਅਕਾਲ ਪੁਰਖ ਦੇ ਭਾਣੇ ਵਿਚ ਹੀ ਹੋ ਸਕਦਾ ਸੀ। ਭਾਈ ਮਰਦਾਨਾ ਜੀ ਮਹਾਨ ਸਿੱਖ ਵਿਰਸੇ ਦਾ ਮਹੱਤਵਪੂਰਨ ਤੇ ਸਨਮਾਨਤ ਅੰਗ ਹਨ। ਸਿੱਖ ਇਤਿਹਾਸ ਵਿਚ ਭਾਈ ਮਰਦਾਨਾ ਜੀ ਦਾ ਯੋਗਦਾਨ, ਗੁਰੂ ਨਾਨਕ ਸਾਹਿਬ ਦੀਆਂ ਨਜ਼ਰਾਂ ਤੋਂ ਵੇਖਣ ਤੇ ਪਰਖਣ ਦੀ ਲੋੜ ਹੈ।

ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਤੋਂ ਦਸ ਸਾਲ ਉਮਰ ਵਿਚ ਵੱਡੇ ਸਨ, ਭਾਈ ਮਰਦਾਨਾ ਜੀ ਦਾ ਜਨਮ 6 ਫਰਵਰੀ ਸੰਨ 1459 ਈ. ਵਿਚ ਤਲਵੰਡੀ ਰਾਇ ਭੋਇ ਕੀ ਵਿਖੇ ਹੋਇਆ। ਮਰਦਾਨਾ ਜੀ ਦੇ ਪਿਤਾ ਦਾ ਨਾਮ ਮੀਰ ਬਾਦਰੇ ਅਤੇ ਮਾਤਾ ਦਾ ਨਾਮ ਲੱਖੋ ਸੀ। ਮਾਤਾ ਲੱਖੋ ਜੀ ਦੇ ਪੰਜ ਬੱਚੇ, ਦੁਨੀਆਂ ਵਿਚ ਆਉਣ ਤੋਂ ਪਹਿਲਾ ਹੀ, ਰੱਬ ਨੂੰ ਪਿਆਰੇ ਹੋ ਗਏ ਸੀ। ਛੇਵੇਂ ਬੱਚੇ ਦੇ ਵੀ ਮਰ ਜਾਣ ਦੀ ਸ਼ੰਕਾ ਵਿਚ, ਉਸ ਦਾ ਨਾਮ 'ਮਰਜਾਣਾ' ਰੱਖ ਦਿੱਤਾ। ਰੱਬ ਦੇ ਰੰਗ ਰੱਬ ਹੀ ਜਾਣਦਾ ਹੈ। ਬੱਚਾ ਬੱਚ ਗਿਆ। ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿੱਚ ਆ ਜਾਣ ਤੇ ਉਨ੍ਹਾਂ ਇਸ ਨੂੰ ਮਰਦਾ-ਨਾ ਕਹਿਣਾ ਸ਼ੁਰੂ ਕਰ ਦਿਤਾ।

ਆਪਣੇ ਇਤਿਹਾਸ ਦੀ ਸੰਭਾਲ ਹੀ ਕੌਮ ਨੂੰ ਅਮਰ ਬਣਾਉਣ ਵਿਚ ਸਹਾਈ ਹੁੰਦੀ ਹੈ। ਇਹ ਅਨੇਕਾਂ ਸੂਝਵਾਨ ਹਸਤੀਆਂ ਦੀਆਂ ਘਾਲਣਾਵਾਂ ਜਾਂ ਯੋਗਦਾਨ ਦੇ ਨਤੀਜੇ ਕਾਰਨ ਹੋਂਦ ਵਿਚ ਆਉਂਦਾ ਹੈ। ਭਾਈ ਮਰਦਾਨਾ ਜੀ ਨੇ ਸਿੱਖ ਕੌਮ ਦੇ ਬਾਨੀ, ਗੁਰੂ ਨਾਨਕ ਸਾਹਿਬ ਦੇ ਨਾਲ, ਇਕ ਸਾਏ ਦੀ ਤਰ੍ਹਾਂ ਆਪਣਾ ਜੀਵਨ ਜੀਵਿਆ। ਇਸ ਤੱਥ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਕੁਦਰਤ ਨੇ ਭਾਈ ਮਰਦਾਨਾ ਜੀ ਨੂੰ ਸਿੱਖ ਕੌਮ ਦੇ ਇਤਿਹਾਸ ਦੀ ਸਿਰਜਣਾ ਵਿਚ ਅਹਿਮ ਭੂਮਿਕਾ ਨਿਭਾਉਣ ਲਈ ਚੁਣਿਆ।

ਤਲਵੰਡੀ ਰਾਏ ਭੋਏ ਕੀ ਵਿਖੇ ਹੀ ਗੁਰੂ ਨਾਨਕ ਸਾਹਿਬ ਦੀ ਭਾਈ ਮਰਦਾਨਾ ਜੀ ਨਾਲ ਪਹਿਲੀ ਮੁਲਾਕਾਤ ਹੋਈ ਸੀ ਜਦੋਂ ਗੁਰੂ ਨਾਨਕ ਸਾਹਿਬ ਮੀਰ ਬਾਦਰੇ ਅਤੇ ਮਾਤਾ ਲੇਖੋ ਦੇ ਘਰ ਦੇ ਕੋਲੋਂ ਗੁਜ਼ਰ ਰਹੇ ਸਨ। ਮਾਈ ਲੱਖੋ ਆਪਣੇ ਪੁੱਤਰ ਨੂੰ ਆਖ ਰਹੀ ਸੀ, " ਵੇ ਮਰਜਾਣਿਆ, ਸਾਰਾ ਦਿਨ ਅਲਾਹ ਅਲਾਹ ਹੀ ਗਾਉਂਦਾ ਰਹੇਂਗਾ ? ਤਿੰਨ ਬੱਚਿਆਂ ਦਾ ਪਿਉ ਬਣ ਗਿਆ ਏਂ, ਕੋਈ ਕੰਮਕਾਰ ਵੀ ਕਰ ਲਿਆ ਕਰ। ਗੁਰੂ ਨਾਨਕ ਸਾਹਿਬ ਵੀ ਮਾਤਾ ਤ੍ਰਿਪਤਾ ਜੀ ਨਾਲ ਅਕਸਰ ਬਚਨ ਕਰਦੇ ਕਿ ਅਜਿਹਾ ਕੋਈ ਨਹੀਂ ਦਿਸਦਾ, ਜਿਸ ਨਾਲ ਰੱਬ ਦੀਆਂ ਗੱਲਾਂ ਕਰ ਸਕਾਂ। ਗੁਰੂ ਨਾਨਕ ਸਾਹਿਬ ਨੇ " ਭਾਈ ਮਰਦਾਨਾ ਜੀ ਕੋਲੋਂ ਰੱਬ ਦੀ ਉਸਤਤੀ ਸੁਣਨ ਮਗਰੋਂ ਉਸ ਨੂੰ ਕਿਹਾ ਮਰਦਾ-ਨਾ ਜੀ ਸੁਰ ਵਿਚ ਗਾਇਆ ਕਰੋ।



ਗੁਰੂ ਨਾਨਕ ਸਾਹਿਬ ਨਾਲ, ਭਾਈ ਮਰਦਾਨਾ ਜੀ ਦੀ ਦੂਜੀ ਮਿਲਣੀ ਸੁਲਤਾਨਪੁਰ ਲੋਧੀ ਵਿਖੇ ਹੋਈ, ਜਿੱਥੇ ਭਾਈ ਮਰਦਾਨਾ ਜੀ, ਪਿਤਾ ਕਲਿਆਣ ਦਾਸ ਮਹਿਤਾ ਜੀ ਦੇ ਆਦੇਸ਼ 'ਤੇ ਨਾਨਕ ਦਾ ਸੁਖ ਸੁਨੇਹਾ ਪੁੱਛਣ ਆਏ ਸੀ। ਉਨ੍ਹਾਂ ਦਿਨਾਂ ਵਿਚ ਡਾਕ-ਤਾਰ ਦਾ ਸਿਲਸਿਲਾ ਅਜੇ ਸ਼ੁਰੂ ਨਹੀਂ ਸੀ ਹੋਇਆ। ਪਿੰਡ ਦਾ ਨਾਈ ਜਾਂ ਮਿਰਾਸੀ ਰੋਜ਼ੀ-ਰੋਟੀ ਦੇ ਆਹਰ ਲਈ ਸੁਨੇਹੇ ਲੈ ਕੇ ਆਉਂਦੇ ਜਾਂਦੇ ਹੁੰਦੇ ਸੀ। ਗੁਰੂ ਨਾਨਕ ਸਾਹਿਬ ਦੇ ਸੁਝਾ ਨੂੰ ਸੰਜੀਦਗੀ ਨਾਲ ਲੈਂਦਿਆਂ, ਭਾਈ ਮਰਦਾਨਾ ਜੀ ਨੇ ਰਬਾਬ ਵਜਾਉਣੀ ਸਿੱਖ ਲਈ 'ਤੇ ਸੰਗੀਤ ਨੂੰ ਆਪਣਾ ਸਾਥੀ ਬਣਾ ਲਿਆ ਸੀ।

ਗੁਰੂ ਨਾਨਕ ਸਾਹਿਬ ਨਾਲ ਇਸ ਦੂਜੀ ਮਿਲਣੀ ਮਗਰੋਂ (ਭਾਈ) ਮਰਦਾਨਾ ਜੀ, ਗੁਰੂ ਨਾਨਕ ਦੇ ਨਾਲ ਹੀ ਹੋ ਤੁਰੇ। ਗੁਰੂ ਨਾਨਕ ਸਾਹਿਬ ਦੇ ਸਾਥ ਨੇ ਮਰਦਾਨਾ ਜੀ ਦੀ ਵੀ ਕਾਇਆ ਕਲਪ ਕਰ ਦਿੱਤੀ। ਗੁਰੂ ਨਾਨਕ ਸਾਹਿਬ ਨੇ ਜਾਤ-ਪਾਤ ਦੇ ਸਾਰੇ ਭਿੰਨ-ਭੇਦ ਮਿਟਾ ਕੇ ਮਰਦਾਨਾ ਜੀ ਨੂੰ ਇਕ ਮਰਾਸੀ ਤੋਂ ਰੱਬ ਦਾ ਯਸ਼ ਗਾਇਨ ਕਰਨ ਵਾਲਾ 'ਰਬਾਬੀ' ਬਣਾਇਆ ਸਗੋਂ ਭਾਈ ਬਣਾ ਕੇ ਮਨੁੱਖਤਾ ਰੂਪੀ ਪਿਆਰ ਦੀਆਂ ਤੰਦਾਂ ਨੂੰ ਮਜ਼ਬੂਤ ਕਰ ਦਿੱਤਾ। ਸ਼ਾਮ ਪੈਂਦਿਆਂ, ਭਾਈ ਮਰਦਾਨਾ ਜੀ, ਗੁਰੂ ਨਾਨਕ ਸਾਹਿਬ ਦੇ ਅਲੌਕਿਕ ਨਾਲ ਰਬਾਬ ਵਜਾ ਕੇ ਸੰਗੀਤ ਦੀ ਮਿਠਾਸ ਭਰਨ ਵਿਚ ਮਗਨ ਹੋ ਜਾਂਦੇ। ਗੁਰੂ ਨਾਨਕ ਸਾਹਿਬ ਦੇ ਉਸ ਨਿਵਾਸ ਸਥਾਨ 'ਤੇ ਹੁਣ ਗੁਰਦੁਆਰਾ 'ਗੁਰੂ ਕਾ ਬਾਗ' ਸੁਭਾਇਮਾਨ ਹੈ। ਫਿਰ ਜਦੋਂ ਗੁਰੂ ਨਾਨਕ ਸਾਹਿਬ ਜਗਤ ਜਲੰਦੇ ਦੇ ਕਲਿਆਣ ਲਈ, ਆਪਣੀ ਪਹਿਲੀ ਉਦਾਸੀ ਲਈ ਚਲੇ ਤਾਂ ਤਲਵੰਡੀ ਤੇ ਸੁਲਤਾਨਪੁਰ ਵਾਸੀਆਂ 'ਚੋਂ ਕੇਵਲ ਭਾਈ ਮਰਦਾਨਾ ਜੀ ਨੂੰ ਸਾਥ ਦੇਣ ਲਈ ਚੁਣਿਆ।

ਭਾਈ ਮਰਦਾਨਾ ਜੀ ਦੇ ਤਿੰਨ ਬੱਚੇ ਸਨ, ਸ਼ਾਹਜ਼ਾਦਾ (ਸੁਜਾਦਾ) ਅਤੇ ਰਾਏਜ਼ਾਦਾ (ਰੁਜਾਦਾ) ਦੋ ਪੁੱਤਰ ਤੇ ਇਕ ਧੀ ਸੀ। ਭਾਈ ਮਰਦਾਨਾ ਜੀ ਨੇ ਗੁਰੂ ਨਾਨਕ ਜੀ ਪਾਸੋਂ ਧੀ ਦਾ ਵਿਆਹ ਕਰ ਕੇ ਇਸ ਫ਼ਰਜ਼ ਤੋਂ ਮੁਕਤ ਹੋਣ ਤਕ ਦੀ ਮੋਹਲਤ ਮੰਗੀ। ਗੁਰੂ ਨਾਨਕ ਸਾਹਿਬ ਭਾਈ ਮਰਦਾਨਾ ਜੀ ਦੇ ਘਰੇਲੂ ਹਾਲਾਤ ਤੋਂ ਚੰਗੀ ਤਰ੍ਹਾਂ ਵਾਕਿਫ ਸਨ। ਗੁਰੂ ਜੀ ਨੇ ਆਪਣੇ ਸ਼ਰਧਾਲੂ ਭਾਈ ਮਨਸੁੱਖ ਤੇ ਭਗੀਰੱਥ ਮਲਸੀਹਾਂ ਪਿੰਡ ਦਾ ਚੌਧਰੀ, ਜੋ ਸੁਲਤਾਨਪੁਰ ਦੇ ਮੋਦੀਖਾਨੇ ਅਨਾਜ ਵੇਚਣ ਆਇਆ ਕਰਦਾ ਸੀ ਰਾਹੀਂ ਲਾਹੌਰ ਤੋਂ ਭਾਈ ਮਰਦਾਨਾ ਜੀ ਦੀ ਧੀ ਦਾ ਦਾਜ ਮੰਗਵਾਉਣ ਦਾ ਪ੍ਰਬੰਧ ਕੀਤਾ।

ਗੁਰੂ ਨਾਨਕ ਸਾਹਿਬ ਨੇ ਉਦਾਸੀਆਂ ਵਾਸਤੇ, ਭਾਈ ਫਿਰੰਦੇ ਪਾਸੋਂ ਉਚੇਚੇ ਤੌਰ 'ਤੇ ਭਾਈ ਮਰਦਾਨਾ ਜੀ ਵਾਸਤੇ ਰਬਾਬ ਬਣਵਾਉਣ ਦਾ ਮਨ ਬਣਾਇਆ। ਭਾਈ ਮਰਦਾਨਾ ਜੀ, ਉਮਰ ਭਰ ਗੁਰੂ ਨਾਨਕ ਸਾਹਿਬ ਦੇ ਨਾਲ ਹੀ ਰਹੇ। ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਜੁੜੀਆਂ ਅਨੇਕਾਂ ਸਾਖੀਆਂ ਵਿਚ ਭਾਈ ਮਰਦਾਨਾ ਜੀ ਦੁਆਰਾ ਮਹੱਤਵਪੂਰਨ ਫਰਜ ਜਾਂ ਜ਼ੁੰਮੇਵਾਰੀ ਨਿਭਾਉਣ ਦਾ ਜ਼ਿਕਰ ਆਉਂਦਾ ਹੈ। ਗੁਰੂ ਨਾਨਕ ਸਾਹਿਬ ਨੇ ਬਿਹਾਗੜੇ ਦੀ ਵਾਰ ਵਿਚ, ਤਿੰਨ ਸ਼ਬਦ (ਅੰਗ 553), ਭਾਈ ਮਰਦਾਨਾ ਜੀ ਨੂੰ ਸਮਰਪਿਤ ਕਰ ਕੇ ਭਾਈ ਮਰਦਾਨਾ ਜੀ ਨੂੰ ਸਦੀਵ ਕਾਲ ਲਈ ਮਾਣ ਬਖਸ਼ਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਨਾਨਕ ਨਾਮ ਹੇਠਾਂ ਕੇਵਲ ਤੇ ਕੇਵਲ ਗੁਰੂ ਸਾਹਿਬਾਨ ਦੀ ਬਾਣੀ ਅੰਕਿਤ ਹੈ। ਇਨ੍ਹਾਂ ਤਿੰਨਾਂ ਸ਼ਬਦਾਂ ਦੇ ਰਚਨਹਾਰ ਵਜੋਂ 'ਨਾਨਕ' ਨਾਮ ਹੀ ਅੰਕਿਤ ਹੈ। ਜੇਕਰ ਇਹ ਸ਼ਬਦ ਭਾਈ ਮਰਦਾਨਾ ਜੀ ਦੁਆਰਾ ਉਚਾਰਨ ਕੀਤੇ ਗਏ ਹੁੰਦੇ ਤਾਂ ਇਨ੍ਹਾਂ ਦੇ ਰਚਨਹਾਰ ਵਜੋਂ 'ਮਰਦਾਨਾ' ਜੀ ਦਾ ਨਾਮ ਆਉਂਦਾ, ਜਿਵੇਂ ਕਿ ਭਗਤਾਂ, ਭੱਟਾਂ ਅਤੇ ਬਾਬਾ ਸੁੰਦਰ ਜੀ, ਭਾਈ ਬਲਵੰਡ ਅਤੇ ਭਾਈ ਸੱਤੇ ਦੀ ਬਾਣੀ ਵਿਚ ਉਨ੍ਹਾਂ ਦੇ ਨਾਮ ਅੰਕਿਤ ਮਿਲਦੇ ਹਨ।

ਅੰਤਿਮ ਫੇਰੀ ਦੇ ਅੰਤਲੇ ਦਿਨਾਂ ਵਿਚ, ਬਗ਼ਦਾਦ ਤੋਂ ਇਰਾਨ ਦੇ ਰਾਹੀਂ ਮੁੜਦਿਆਂ, ਖ਼ੁਰਮ ਨਦੀ ਦੇ ਕੰਢੇ ਆਬਾਦ, ਖ਼ੁੱਰਮ ਨਗਰ ਵਿਖੇ, ਭਾਈ ਮਰਦਾਨਾ ਜੀ ਬਿਮਾਰ ਰਹਿਣ ਲੱਗੇ ਸਨ। ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਜੀ ਪਾਸੋਂ ਉਨ੍ਹਾਂ ਦੀ ਯਾਦ ਵਿਚ ਮਕਬਰਾ ਬਣਾਉਣ ਬਾਰੇ ਪੁੱਛ ਕੀਤੀ। ਭਾਈ ਮਰਦਾਨਾ ਜੀ ਦੀ ਬੇਗਰਜ਼ ਫ਼ਿਤਰਤ ਦਾ ਅੰਦਾਜ਼ਾ ਉਨ੍ਹਾਂ ਦੇ ਜਵਾਬ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਜਿਸਮ ਹੀ ਗੁਰੂ ਦੇ ਚਰਨਾਂ ਵਿਚ ਨਹੀਂ ਰਿਹਾ ਤਾਂ ਮਕਬਰਾ ਬਣਾਉਣ ਦੀ ਭਲਾ ਕੀ ਲੋੜ ਹੈ ?

"ਨਾਨਕ ਸਾਹਿਬ ਦੀ ਪੱਛਮ ਦੀ ਅਖੀਰਲੀ ਯਾਤਰਾ ਦੀ ਵਾਪਸੀ ਦੇ ਵਕਤ ਅਫਗਾਨਿਸਤਾਨ ਦੇ ਖੁਰਮ (ਕੁਰਮ) ਦਰਿਆ ਦੇ ਕੰਢੇ ਇਸ ਪੁਰਖ ਨੇ ਅਖੀਰਲੇ ਸਾਹ ਲਏ। ਗੁਰੂ ਸਾਹਿਬ ਨੇ 13 ਮਾਘ ਸੰਮਤ 1581 ਸੰਨ 1524 ਈਂ ਨੂੰ ਭਾਈ ਮਰਦਾਨਾ ਦੀ ਇੱਛਾ ਅਨੁਸਾਰ ਆਪਣੇ ਹੱਥੀ ਉਨ੍ਹਾਂ ਦਾ ਅੰਤਿਮ ਸਸਕਾਰ ਕੀਤਾ।"

ਭਾਈ ਮਰਦਾਨਾ ਜੀ ਦੀ ਅਜੋਕੀ 18 ਵੀਂ ਪੀੜ੍ਹੀ ਭਾਈ ਮੁਹੰਮਦ ਹੁਸੈਨ ਜੀ, ਭਾਈ ਨਾਇਮ ਤਾਹਿਰ ਜੀ ਅਤੇ ਭਾਈ ਸਰਫ਼ਰਾਜ਼ ਜੀ, ਪਾਕਿ-ਸਤਾਨ ਵਿਖੇ ਮਾੜੀ ਆਰਥਿਕ ਹਾਲਾਤ ਦੇ ਬਾਵਜੂਦ, ਗੁਰਬਾਣੀ ਕੀਰਤਨ ਨਾਲ ਅੱਜ ਵੀ ਜੁੜੀ ਹੋਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਨੇ ਭਾਈ ਮਰਦਾਨਾ ਜੀ ਦੀ 18 ਵੀਂ ਪੀੜ੍ਹੀ ਦੇ ਆਰਥਿਕ ਹਾਲਾਤ ਨੂੰ ਵੇਖਦਿਆਂ, ਸੰਨ 2019 ਤੋਂ 21 ਹਜ਼ਾਰ ਰੁਪਏ ਦੀ ਰਕਮ ਹਰ ਮਹੀਨੇ ਦੇਣ ਦਾ ਫ਼ੈਸਲਾ ਕੀਤਾ ਹੋਇਆ ਹੈ, ਜੋ ਸ਼ਲਾਘਾ ਯੋਗ ਉੱਦਮ ਹੈ।

## ਮਿੰਨੀ ਕਹਾਣੀਆਂ

### ਅਣਜਾਣ ਰੱਖਿਅਕ

ਗੱਲ ਕਾਫੀ ਪੁਰਾਣੀ ਹੈ, ਪਰ ਯਾਦਗਾਰ ਹੈ। ਇੱਕ ਰਾਤ ਅਸੀਂ ਲੋਕ ਫਿਲਮ ਦਾ ਆਖਰੀ ਸ਼ੋਅ ਦੇਖ ਕੇ ਆ ਰਹੇ ਸੀ। ਰਸਤੇ ਵਿੱਚ ਸਾਡੀ ਕਾਰ ਅਚਾਨਕ ਖਰਾਬ ਹੋ ਗਈ। ਉਸ ਵਿੱਚ ਮੈਂ ਮੰਮੀ-ਪਾਪਾ ਦੋ ਵੱਡੀਆਂ ਭੈਣਾਂ ਅਤੇ ਇੱਕ ਛੋਟਾ ਭਰਾ ਸੀ। ਇੰਨੇ ਵਿੱਚ ਇੱਕ ਟਰੱਕ ਸਾਡੀ ਕਾਰ ਦੇ ਸਾਹਮਣੇ ਆ ਕੇ ਖੜ੍ਹਾ ਹੋ ਗਿਆ ਅਤੇ ਉਸ ਵਿੱਚੋਂ ਦੋ ਨੌਜਵਾਨ ਉਤਰੇ। ਪਹਿਲਾਂ ਸਾਡੇ ਸਾਰਿਆਂ ਦੇ ਮਨ ਵਿੱਚ ਅਣਜਾਣਾ ਡਰ ਬੈਠ ਗਿਆ, ਪਰ ਤੁਰੰਤ ਪਾਪਾ ਨੇ ਉਨ੍ਹਾਂ ਨੂੰ ਆਪਣੀ ਸਮੱਸਿਆ ਤੋਂ ਜਾਣੂ ਕਰਾਇਆ। ਪਹਿਲਾਂ ਉਨ੍ਹਾਂ ਨੇ ਕਾਰ ਠੀਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਜਦ ਠੀਕ ਕਰਨ ਵਿੱਚ ਅਸਮਰਥ ਰਹੇ ਤਾਂ ਉਨ੍ਹਾਂ ਨੇ ਇੱਕ ਜੰਜੀਰ ਨਾਲ ਟਰੱਕ ਦੇ ਪਿਛਲੇ ਹਿੱਸੇ ਨਾਲ ਕਾਰ ਦਾ ਅਗਲਾ ਹਿੱਸਾ ਜੋੜਿਆ। ਮੇਰੇ ਛੋਟੇ ਭਰਾ ਨੂੰ ਆਪਣੇ ਨਾਲ ਟਰੱਕ ਵਿੱਚ ਬਿਠਾਇਆ ਤਾਂ ਕਿ ਉਹ ਘਰ ਦਾ ਰਸਤਾ ਦਸ ਸਕੇ ਅਤੇ ਟਰੱਕ ਨਾਲ ਕਾਰ ਖਿੱਚਦੇ ਹੋਏ ਚੱਲ ਪਏ। ਉਨ੍ਹਾਂ ਨੌਜਵਾਨਾਂ ਨੇ ਸਾਨੂੰ ਸਾਡੇ ਘਰ ਤੱਕ ਪੰਚਾਇਆ। ਉਸ ਡਰ ਭਰੇ ਸਮੇਂ ਵਿੱਚੋਂ ਨਿਕਲਦੇ ਹੋਏ ਇਨਸਾਨੀਅਤ ਦੀ ਅਜਿਹੀ ਖੂਬਸੂਰਤ ਮਿਸਾਲ ਦਾ ਅਨੁਭਵ ਕਰ ਕੇ ਅਸੀਂ ਸਾਰੇ ਅਲੱਗ ਖੁਸ਼ੀ ਮਹਿਸੂਸ ਕਰ ਰਹੇ ਸੀ। ਪਾਪਾ ਨੇ ਉਨ੍ਹਾਂ ਨੂੰ ਧੰਨਵਾਦ ਵਜੋਂ ਕੁਝ ਰੁਪਏ ਦੇਣੇ ਚਾਹੇ ਤਾਂ ਉਹ ਹੱਥ ਜੋੜ ਕੇ ਕਹਿਣ ਲੱਗੇ "ਰਾਤ ਦਾ ਸਮਾਂ ਹੈ ਤੇ ਸਾਡੀਆਂ ਭੈਣਾਂ ਤੁਹਾਡੇ ਨਾਲ ਹਨ। ਅਜਿਹੇ ਔਖੇ ਸਮੇਂ ਤੁਹਾਡੀ ਸਹਾਇਤਾ ਕਰਨਾ ਸਾਡਾ ਫਰਜ਼ ਸੀ।"

-ਸਨੇਹ ਸ਼੍ਰੀਵਾਸਤਵ

*****

### ਮਾਂ ਮਿਲ ਗਈ

"ਲਾਡੀ, ਸਵੇਰ ਦਾ ਕਿੰਨਾ ਕੰਮ ਪਿਆ ਹੋਇਆ ਹੈ। ਅਜੇ ਜੀਤੂ ਲਈ ਟਿਫਨ ਬਣਾਉਣਾ ਹੈ। ਹੇਮੰਤ ਵੀ ਆਉਂਦਾ ਹੋਵੇਗਾ ਜਾਗਿੰਗ ਕਰ ਕੇ।" ਨਿੰਮੀ ਦੀ ਸੱਸ ਨੇ ਕਿਹਾ।

"ਮਾਂ ਮੈਂ ਤਾਂ ਪੜ੍ਹਾਈ ਕਰ ਰਹੀ ਸੀ। ਬਣਾ ਦਿੰਦੀ ਹਾਂ। ਟਿਫਨ।"

ਨਿੰਮੀ ਨੇ ਆਪਣੇ ਦਿਓਰ ਜੀਤੂ ਲਈ ਟਿਫਨ ਬਣਾਇਆ ਤੇ ਹੇਮੰਤ ਲਈ ਜੂਸ ਕੱਢ ਕੇ ਟੇਬਲ ਉੱਤੇ ਰੱਖ ਕੇ ਫਿਰ ਤੋਂ ਆ ਕੇ ਬੈਠ ਗਈ ਪੜ੍ਹਾਈ ਕਰਨ।

ਇਮਤਿਹਾਨ ਸਿਰ ਉੱਤੇ ਹੈ, ਪਰ ਘਰ ਗ੍ਰਹਿਸਥੀ ਦੀ ਚੱਕੀ। ਬਾਪੂ ਨੂੰ ਮਾਂ ਨੇ ਕਿਹਾ ਸੀ ਕਿ ਕੁੜੀ ਦੀ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਵਿਦਾ ਕਰਨਾ, ਉਦੋਂ ਬਾਪੂ ਨੇ ਮਾਂ ਨੂੰ ਸਮਝਾ ਦਿੱਤਾ ਸੀ ਕਿ ਲੜਕੇ ਵਾਲਿਆਂ ਨਾਲ ਮੇਰੀ ਗੱਲ ਹੋ ਗਈ ਹੈ, ਉਹ ਪੜ੍ਹਨ ਤੋਂ ਰੋਕ ਨਹੀਂ ਲਾਉਣਗੇ। ਇੱਥੇ ਆਉਣ ਉੱਤੇ ਪੜ੍ਹਨ ਉੱਤੇ ਰੋਕ ਤਾਂ ਕਿਸੇ ਨੇ ਨਹੀਂ ਲਾਈ, ਪਰ ਘਰ ਦਾ ਕੰਮਕਾਜ ਤਾਂ ਕਰਨਾ ਹੀ ਪਏਗਾ।

"ਕੰਮ ਅਤੇ ਪੜ੍ਹਾਈ ਦਰਮਿਆਨ ਮੈਨੂੰ ਹੀ ਤਾਲਮੇਲ ਬਿਠਾਉਣਾ ਹੋਵੇਗਾ।" ਨਿੰਮੀ ਨੇ ਜਿਵੇਂ ਮਨ ਹੀ ਮਨ ਆਪਣੇ ਆਪ ਨੂੰ ਕਿਹਾ।

"ਲਾਡੀ ਕੀ ਸੋਚ ਰਹੀ ਏਂ? ਤੇਰੇ ਪੇਪਰ ਕਦੋਂ ਤੋਂ ਹਨ?"

"ਮਾਂ ਜੀ ਅਗਲੇ ਹਫਤੇ ਤੋਂ ਸ਼ੁਰੂ ਹਨ।"

"ਨਾਸ਼ਤਾ ਕਰ ਅਤੇ ਜਦੋਂ ਤੱਕ ਤੇਰੇ ਪੇਪਰ ਚੱਲਣਗੇ, ਤੂੰ ਕੰਮ ਦੀ ਚਿੰਤਾ ਨਾ ਕਰੀਂ, ਮੈਂ ਕਰ ਲਵਾਂਗੀ। ਤੂੰ ਪੜ੍ਹਾਈ ਉੱਤੇ ਧਿਆਨ ਦੇ।" ਨਿੰਮੀ ਨੂੰ ਲੱਗਾ, ਜਿਵੇਂ ਉਸ ਨੂੰ ਕੇਅਰ ਕਰਨ ਵਾਲੀ ਮਾਂ ਮਿਲ ਗਈ।

-ਅਰਵਿਨਾ ਗਹਿਲੋਤ

# ਪਰਮਜੀਤ ਵਿਰਕ ਦਾ 'ਨਾ ਤਾਰੇ ਭਰਨ ਹੁੰਗਾਰੇ' ਕਾਵਿ ਸੰਗ੍ਰਹਿ ਕਦਰਾਂ ਕੀਮਤਾਂ ਦਾ ਪ੍ਰਤੀਕ- ਉਜਾਗਰ ਸਿੰਘ ਦੀ ਕਲਮ ਤੋਂ

ਕਵਿਤਾ ਇਨਸਾਨ ਦੀ ਮਾਨਸਿਕਤਾ ਦੇ ਅਨੁਭਵ ਦਾ ਪ੍ਰਗਟਾਵਾ ਹੁੰਦੀ ਹੈ। ਕਵਿਤਾ ਲਿਖਣ ਦੀ ਸਮਰੱਥਾ ਸੂਖਮ ਭਾਵਾਂ ਵਾਲੇ ਵਿਅਕਤੀ ਨੂੰ ਹੀ ਹੁੰਦੀ ਹੈ। ਪਰਮਜੀਤ ਵਿਰਕ ਪੰਜਾਬ ਪੁਲਿਸ ਵਿੱਚੋਂ ਅਧਿਕਾਰੀ ਸੇਵਾ ਮੁਕਤ ਹੋਇਆ ਹੈ ਪਰੰਤੂ ਉਸਦਾ 'ਨਾ ਤਾਰੇ ਭਰਨ ਹੁੰਗਾਰੇ' ਪਲੇਠਾ ਕਾਵਿ ਸੰਗ੍ਰਹਿ, ਉਸ ਨੇ ਪੁਲਿਸ ਦੀ ਨੌਕਰੀ ਦੌਰਾਨ ਹੀ ਪ੍ਰਕਾਸ਼ਤ ਕੀਤਾ ਸੀ। ਅਚੰਭੇ ਦੀ ਗੱਲ ਹੈ ਕਿ ਇਨ੍ਹਾਂ ਕਵਿਤਾਵਾਂ ਦਾ ਪ੍ਰਭਾਵ ਪੰਜਾਬ ਪੁਲਿਸ ਅਤੇ ਭਲਮਾਨੀ ਦੇ ਮੁਹਾਂਦਰੇ ਤੋਂ ਬਿਲਕੁਲ ਉਲਟ ਇਕ ਸੰਜੀਦਾ ਅਤੇ ਸੰਵੇਦਨਸ਼ੀਲ ਵਿਅਕਤੀ ਵਲੋਂ ਲਿਖੀਆਂ ਗਈਆਂ ਲਗਦੀਆਂ ਹਨ। ਉਨ੍ਹਾਂ ਨੇ ਇਸ ਕਾਵਿ ਸੰਗ੍ਰਹਿ ਵਿੱਚ 40 ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਹਨ, ਜਿਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਕਵੀ ਦੀ ਮਾਨਵਵਾਦੀ ਅਤੇ ਰੁਮਾਂਸਵਾਦੀ ਸੋਚ ਦਾ ਪ੍ਰਗਟਾਵਾ ਕਰਦੀਆਂ ਹਨ। ਸਮਾਜਿਕ ਤਾਣੇ ਬਾਣੇ ਵਿੱਚ ਜੋ ਕੁਝ ਵਾਪਰ ਰਿਹਾ ਹੈ, ਸ਼ਾਇਰ ਨੇ ਉਸ ਨੂੰ ਆਪਣੀਆਂ ਕਵਿਤਾਵਾਂ ਦਾ ਨਿਧੜਕ ਹੋ ਕੇ ਵਿਸ਼ਾ ਬਣਾਇਆ ਹੈ। ਉਸ ਦੀਆਂ ਕਵਿਤਾਵਾਂ ਦੇ ਵਿਸ਼ੇ ਕੁਦਰਤ ਨਾਲ ਖਿਲਵਾੜ, ਨਸ਼ੇ, ਆਧੁਨਿਕਤਾ ਦੇ ਨੁਕਸਾਨ, ਵਿਰਾਸਤ ਨਾਲੋਂ ਟੁੱਟਣਾ, ਇਨਸਾਨ ਦੀ ਬੇਪ੍ਰਵਾਹੀ, ਪਰਵਾਸ ਦਾ ਸੰਤਾਪ, ਦਾਜ, ਭਰੂਣ ਹੱਤਿਆ ਅਤੇ ਭਰਿਸ਼ਟਾਚਾਰ ਆਦਿ ਵਰਣਨਯੋਗ ਹਨ। ਇਹ ਵਿਸ਼ੇ ਉਨ੍ਹਾਂ ਦੀਆਂ ਬਹੁਤੀਆਂ ਕਵਿਤਾਵਾਂ ਵਿੱਚ ਕਈ ਵਾਰ ਆਉਂਦੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਕਵੀ ਸਮਾਜਿਕ ਕੁਰੀਤੀਆਂ ਬਾਰੇ ਕਾਫੀ ਚਿੰਤਾਜਨਕ ਹੈ। ਉਸ ਦੀਆਂ ਕਵਿਤਾਵਾਂ ਬਹੁਤ ਹੀ ਸੰਵੇਦਨਸ਼ੀਲ ਹਨ। ਸਮਾਜਿਕ ਕੁਰੀਤੀਆਂ ਕਵੀ ਦੀ ਮਾਨਸਿਕਤਾ ਨੂੰ ਝੰਜੋੜਦੀਆਂ ਰਹਿੰਦੀਆਂ ਹਨ ਜਦੋਂ ਉਹ ਲਿਖਦਾ ਹੈ-

ਵਿੱਚ ਲਿਫਾਫੇ ਬੰਦ ਕਰ ਮਾਇਆ, ਸੇਵਾ ਆਖ ਫੜਾ ਆਇਆ ਕਰ।

ਵਿਸਕੀ, ਦੁੱਧ, ਸਿਲੰਡਰ, ਸੌਦਾ, ਅਫ਼ਸਰ ਘਰ ਪਹੁੰਚਾ ਆਇਆ ਕਰ।
ਹਫ਼ਤੇ ਪਿੱਛੋਂ ਠਾਕੁਰ ਦੁਆਰੇ, ਜਾ ਕੇ ਭੁੱਲ ਬਖ਼ਸ਼ਾ ਆਇਆ ਕਰ।


ਪਰਮਜੀਤ ਵਿਰਕ ਦੀ ਇਸ ਕਾਵਿ ਸੰਗ੍ਰਹਿ ਦੀ ਪਹਿਲੀ ਕਵਿਤਾ 'ਨਾ ਤਾਰੇ ਭਰਨ ਹੁੰਗਾਰੇ' ਪਾਠਕ ਦੇ ਦਿਲ ਨੂੰ ਝੰਜੋੜਦੀ ਹੈ, ਜਦੋਂ ਉਹ ਆਧੁਨਿਕਤਾ ਦੇ ਪ੍ਰਭਾਵਾਂ ਦਾ ਇਨਸਾਨ ਦੇ ਜੀਵਨ 'ਤੇ ਪੈ ਰਹੇ ਬੁਰੇ ਪ੍ਰਭਾਵਾਂ ਦਾ ਜ਼ਿਕਰ ਕਰਦਾ ਹੋਇਆ, ਪੰਜਾਬੀ ਵਿਰਾਸਤ ਨਾਲੋਂ ਟੁੱਟ ਰਹੇ ਲੋਕਾਂ ਦੀ ਤ੍ਰਾਸਦੀ ਦੀ ਬਾਤ ਪਾਉਂਦਾ ਹੈ। ਇਥੇ ਹੀ ਬਸ ਨਹੀਂ ਇਕੋ ਕਵਿਤਾ ਵਿੱਚ ਅਨੇਕ ਵਿਸ਼ੇ ਛੋਂਹਦਾ ਹੋਇਆ ਆਪਸੀ ਰਿਸ਼ਤਿਆਂ ਦੀ ਅਣਹੋਂਦ, ਨੌਜਵਾਨਾ ਦਾ ਪ੍ਰਵਾਸ ਨੂੰ ਭੱਜਣਾ, ਨਸ਼ਿਆਂ ਦੀ ਭਰਮਾਰ, ਖੇਡਾਂ ਤੋਂ ਕਿਨਾਰਾਕਸ਼ੀ ਅਤੇ ਸਾਂਝੇ ਪਰਿਵਾਰਾਂ ਦੇ ਟੁੱਟਣ ਦਾ ਜ਼ਿਕਰ ਕਰਦੀ ਹੈ। 'ਪਾਣੀ' ਦੇ ਸਿਰਲੇਖ ਵਾਲੀ ਕਵਿਤਾ ਜ਼ਮੀਨ ਵਿੱਚੋਂ ਸੁੱਕ ਰਹੇ ਪਾਣੀ ਦੇ ਨੁਕਸਾਨ ਬਾਰੇ ਚਿੰਤਾ ਪ੍ਰਗਟ ਕਰਦਾ ਹੋਇਆ ਪਾਣੀ ਨੂੰ ਬਚਉਣ ਦੀ ਤਾਕੀਦ ਕਰਦਾ ਹੈ। ਇਹ ਵੀ ਕਹਿੰਦਾ ਹੈ ਕਿ ਇਨਸਾਨ ਨਿੱਜੀ ਮੁਫਾਦਾਂ ਲਈ ਪਾਣੀ ਦੀ ਦੁਰਵਰਤੋਂ ਕਰ ਰਿਹਾ ਹੈ। 'ਤਿੜਕਦੇ ਮਨੁੱਖੀ ਰਿਸ਼ਤੇ' ਕਵਿਤਾ ਵਿੱਚ ਪਰਿਵਾਰਾਂ ਵਿੱਚ ਕੁੜਿਤਣ, ਰਿਸ਼ਤਿਆਂ ਨੂੰ ਪੈਸਿਆਂ ਨਾਲ ਮਾਪਣਾ, ਪੈਸੇ ਦਾ ਲਾਲਚ, ਮਾਪਿਆਂ ਦੀ ਅਣਵੇਖੀ, ਜਾਨਵਰਾਂ ਨਾਲ ਪਿਆਰ, ਦਾਜ ਦੀ ਲਾਹਣਤ, ਆਦਿ ਬਾਰੇ ਸੁਚੇਤ ਕੀਤਾ ਗਿਆ ਹੈ। ਇਨਸਾਨ ਜਿਉਂਦਿਆਂ ਦੀ ਕਦਰ ਨਈਂ ਕਰਦਾ ਸਗੋਂ ਮੌਤ ਤੋਂ ਬਾਅਦ ਰਸਮਾ ਕਰਕੇ ਪਖੰਡ ਕਰਦਾ ਹੈ। ਭਾਵ ਇਨਸਾਨ ਮਖੌਟੇ ਪਾਈ ਫਿਰਦਾ ਹੈ।

ਕਵੀ ਲਿਖਦਾ ਹੈ, ਜਿਹੜਾ ਇਨਸਾਨਾਂ ਦੀ ਕਦਰ ਨਹੀਂ ਕਰਦਾ ਉਹ ਰੁੱਖਾਂ ਦੀ ਰੱਖਿਆ ਕਿਵੇਂ ਕਰੇਗਾ? 'ਰੇਲ ਗੱਡੀ ਚੋਂ ਆਉਂਦੀ ਆਵਾਜ਼' ਸਿੰਬਾਲਿਕ ਕਵਿਤਾ ਹੈ। 'ਫੁੱਲ ਦੀ ਤਾਂਘ' ਕਵਿਤਾ ਭਾਈ ਵੀਰ ਦੇ ਅਸਰ ਦੀ ਪ੍ਰਤੀਕ ਹੈ। ਇਨਸਾਨ ਫੁੱਲਾਂ ਦੀ ਖੁਸ਼ਬੋ ਦਾ ਆਨੰਦ ਮਾਨਣ ਦੀ ਥਾਂ ਘਰਾਂ ਦੀ ਸਜਾਵਟ ਲਈ ਫੁੱਲਾਂ ਨੂੰ ਵਰਤਕੇ ਆਪਣੇ ਮਾਨਸਿਕ ਖੋਖਲੇਪਣ ਦਾ ਸਬੂਤ ਦੇ ਰਿਹਾ ਹੈ। 'ਪੰਛੀ ਚਹਿਚਹਾਉਂਦੇ' ਕਵਿਤਾ ਇਨਸਾਨ ਦੀ ਪੈਸੇ ਪਿਛੇ ਭੱਜਣ ਦੀ ਫਿਤਰਤ ਦਾ ਜ਼ਿਕਰ ਹੈ, ਪੈਸੇ ਇਕੱਠੇ ਕਰਦਿਆਂ ਜੀਵਨ ਲੰਘਾ ਦਿੰਦਾ ਹੈ ਪਰੰਤੂ ਕੁਦਰਤ ਦੇ ਕਾਦਰ ਵੱਲੋਂ ਜ਼ਿੰਦਗੀ ਦੇ ਵਡਮੁੱਲੇ ਤੋਹਫ਼ੇ ਦਾ ਆਨੰਦ ਮਾਨਣ ਦੀ ਥਾਂ ਕੀਮਤੀ ਸਮਾਂ ਅਜਾਈਂ ਗੁਆ ਦਿੰਦਾ ਹੈ। ਬਾਅਦ ਵਿੱਚ ਪਛਤਾਉਂਦਾ ਹੈ, ਜਿਸ ਦਾ ਕੋਈ ਲਾਂਭ ਨਹੀਂ ਹੁੰਦਾ। 'ਚੋਰ ਤੇ ਕੁੱਤੀ' ਵੀ ਸਿੰਬਾਲਿਕ ਕਵਿਤਾ ਹੈ, ਜਿਸ ਵਿੱਚ ਪ੍ਰਸ਼ਾਸ਼ਨ ਅਤੇ ਰਾਜਨੀਤੀਵਾਨਾ ਦੇ ਮਿਲਕੇ ਲੋਕਾਂ ਨੂੰ ਲੁੱਟਣ ਦਾ ਸੰਕੇਤ ਹੈ। 'ਕੀਮਤੀ ਗੱਲਾਂ' ਕਵਿਤਾ ਵਿੱਚ ਵੀ ਕਈ ਮਹੱਤਵਪੂਰਨ ਵਿਸ਼ੇ ਜਿਵੇਂ ਵੱਧਦੀ ਆਬਾਦੀ, ਅਨਪੜ੍ਹਤਾ, ਨਸ਼ੇ, ਦਾਜ-ਦਹੇਜ, ਛੂਤ-ਛਾਤ, ਵਹਿਮ-ਭਰਮ, ਜਾਤ-ਪਾਤ ਅਤੇ ਸੰਪਰਦਾਇਕ ਦੰਗੇ ਆਦਿ ਦੇ ਨੁਕਸਾਨ ਦਾ ਜ਼ਿਕਰ ਕੀਤਾ ਗਿਆ ਹੈ। ਏਸੇ ਤਰ੍ਹਾਂ 'ਕੁਦਰਤ ਨਾਲ ਖਿਲਵਾੜ' ਕਵਿਤਾ ਵਿੱਚ ਰੁੱਖਾਂ ਦਾ ਕੱਟਣਾ, ਹਵਾ ਦਾ ਪ੍ਰਦੂਸ਼ਣ, ਧਾਰਮਿਕ ਅੰਧ ਵਿਸ਼ਵਾਸ਼, ਅਤੇ ਲੜਕਿਆਂ ਦੀ ਚਾਹਤ ਵਰਗੀਆਂ ਸਮਾਜਿਕ ਬੀਮਾਰੀਆਂ ਦੇ ਪ੍ਰਭਾਵਾਂ ਤੋਂ ਚੇਤੰਨ ਕੀਤਾ ਗਿਆ ਹੈ। 'ਬੁਢਾਪੇ ਦੇ ਵਾਰ, ਜ਼ਿੰਦਗੀ ਦੇ ਸਫਰ, 'ਹੋ ਜਾਓ ਗੋਲ ਪਿਆਰੇ' ਚਾਪਲੂਸੀ ਦੇ ਲਾਭ ਅਤੇ ਸਚਾਈ ਦੀ ਜਿੱਤ ਬਾਰੇ ਦੱਸਿਆ ਗਿਆ ਹੈ। 'ਕਿਉਂ ਬੁੱਧੂ ਐਨੇ ਰੱਬ ਜੀ' ਕਵਿਤਾ ਵਿੱਚ ਦੇਸ਼ ਦੇ ਨਾਗਰਿਕਾਂ ਦੀ ਸਫਾਈ, ਨਿਯਮਾ ਦੀ ਉਲੰਘਣਾ, ਰਾਜਨੀਤਕਾਂ ਲੋਕਾਂ ਵਿੱਚ ਨਿਘਾਰ, ਸਾਧਾਂ, ਪਾਖੰਡੀਆਂ, ਪਹਿਰਾਵੇ ਵਿੱਚ ਪੱਛਮ ਦੀ ਨਕਲ, ਧਾਰਮਿਕ ਜਨੂੰਨ ਅਤੇ ਕਤਲੋਗਾਰਤ ਦੇ ਕਾਰਨਾ ਲਈ ਸਵਾਲ ਕੀਤਾ ਗਿਆ ਹੈ? ਅਸਿਧੇ ਤੌਰ 'ਤੇ ਲੋਕਾਂ ਦੀ ਘਟੀਆ ਜ਼ਹਿਨੀਅਤ ਦਾ ਪਰਦਾ ਫਾਸ਼ ਕੀਤਾ ਗਿਆ ਹੈ। 'ਨਾਰੀ ਦੀ ਆਵਾਜ਼' ਇਸਤਰੀ ਨੂੰ ਮਰਦ ਪ੍ਰਧਾਨ ਸਮਾਜ ਵੱਲੋ ਬਰਾਬਰਤਾ ਦੇ ਅਧਿਕਾਰ ਨਾ ਦੇਣ ਦੀ ਤ੍ਰਾਸਦੀ ਦਾ ਵਰਣਨ ਕੀਤਾ ਗਿਆ ਹਾਲਾਂ ਕਿ ਇਸਤਰੀਆਂ ਮਰਦ ਨਾਲੋਂ ਹਰ ਖੇਤਰ ਵਿੱਚ ਮੋਹਰੀ ਦੀ ਭੂਮਿਕਾ ਨਿਭਾ ਰਹੀਆਂ ਹਨ। 'ਲਹੂ-ਲੁਹਾਨ ਮਨੁੱਖਤਾ ਕੀਤੀ' ਧਰਮ ਦੇ ਠੇਕੇਦਾਰਾਂ, ਪੰਜਾਬ ਅਤੇ ਦਿੱਲੀ ਵਿੱਚ ਹੋਏ ਕਤਲੋਗਾਰਤ ਦੇਸ਼ ਵਿਰੋਧੀ ਅਨਸਰਾਂ ਦੀ ਸ਼ਾਜਸ਼ ਦਾ ਨਤੀਜਾ ਹਨ। 'ਕਲਜੁਗ ਆ ਗਿਆ' ਪੱਛਵੀਂ ਸਭਿਅਚਾਰ ਦੇ ਪ੍ਰਭਾਵਾਂ ਦੇ ਬੁਰੇ ਨਤੀਜਿਆ ਕਰਕੇ ਨੌਜਵਾਨੀ ਇਸ਼ਕ ਮੁਸ਼ਕ ਦੇ ਚਕਰਾਂ ਵਿੱਚ ਪੈ ਕੇ ਗ਼ਲਤ ਰਸਤੇ ਪੈ ਗਈ ਹੈ।

ਅਮੀਰ ਲੋਕ ਆਧੁਨਿਕਤਾ ਦੇ ਨਾਮ ਹੇਠ ਗ਼ਰੀਬਾਂ ਦੇ ਘਰ ਢਾਹ ਕੇ ਮਹਿਲ ਉਸਾਰਕੇ ਨਾਲ ਜ਼ਿਆਦਤੀਆਂ ਕਰ ਰਹੇ ਹਨ। 'ਰੋਕ ਸਕੇਂ ਤਾਂ ਰੋਕ ਲੈ' ਕਵਿਤਾ ਵਰਤਮਾਨ ਪ੍ਰਸ਼ਾਸ਼ਨ ਨੂੰ ਵੰਗਾਰ ਹੈ ਕਿ ਜ਼ੋਰ ਜ਼ਬਰਦਸਤੀ ਵਾਲੇ ਲੋਕ ਅਸਿਧੇ ਢੰਗ ਵਰਤਕੇ ਲੋਕਾਂ ਨੂੰ ਮਿੱਧ ਕੇ ਪੈਸੇ ਇਕੱਠੇ ਕਰ ਰਹੇ ਹਨ, ਇਨ੍ਹਾਂ ਨੂੰ ਰੋਕਣ ਦਾ ਹੌਸਲਾ ਕਰੋ। 'ਆਉ ਸੀਸ ਝੁਕਾਈਏ ਲੋਕੋ' ਕਵਿਤਾ ਦੇਸ਼ ਦੀ ਆਜ਼ਾਦੀ ਵਿੱਚ ਜਾਨਾ ਦੀ ਆਹੂਤੀ ਦੇਣ ਵਾਲੇ ਸ਼ਹੀਦਾਂ ਨੂੰ ਪ੍ਰਣਾਮ ਹੈ। 'ਅੰਬਰ ਅੱਥਰੂ ਕੇਰੇ ਸੀ' ਅਤੇ 'ਨੀ ਅੰਮੀਏਂ ਅੱਜ ਜਾ ਕੇ ਮੌਤ ਨਾਲ' ਕਰਤਾਰ ਸਿੰਘ ਸਰਾਭੇ ਦੀ ਆਜ਼ਾਦੀ ਲਈ ਕੀਤੀ ਕੁਰਬਾਨੀ ਦੀ ਗਾਥਾ ਹੈ, ਜਿਸ ਵਿੱਚ ਉਹ ਜੱਜ ਨੂੰ ਵੰਗਾਰਦਾ ਹੋਇਆ ਆਪਣੀ ਮਾਂ ਨੂੰ ਹੌਸਲਾ ਰੱਖਣ ਦੀ ਪ੍ਰੇਰਨਾ ਦਿੰਦਾ ਹੈ। 'ਸ਼ਹੀਦ ਭਗਤ ਸਿੰਘ ਨੂੰ ਬਲਾਵਾ' ਕਵਿਤਾ ਵਿੱਚ ਦੇਸ਼ ਦੀ ਵੰਡ ਦਾ ਸੰਤਾਪ, ਲੁੱਟ ਘਸੁੱਟ ਦਾ ਬੋਲ ਬਾਲਾ, ਕਰਜ਼ੇ, ਆਤਮ ਹੱਤਿਆਵਾਂ, ਪਖੰਡੀਆਂ, ਸਰਕਾਰਾਂ ਦੀ ਬੇਰੁਖੀ, ਅਤੇ ਇਨਸਾਫ ਦੇ ਵਿਕਣ ਦੀ ਤ੍ਰਾਸਦੀ ਦਾ ਪ੍ਰਗਟਾਵਾ ਹੈ। 'ਕਿਸਮਤ ਦਾ ਨਹੀਂ ਕਸੂਰ' ਕਵਿਤਾ ਵਿੱਚ ਕਿਸਾਨਾ ਨੂੰ ਹੌਸਲਾ ਰੱਖਣ ਦੀ ਪ੍ਰੇਰਨਾ ਦਿੰਦਾ ਹੋਇਆ ਸੋਚ ਸਮਝ ਕੇ ਵੋਟ ਦੀ ਵਰਤੋਂ ਕਰਨ ਲਈ ਜਾਗ੍ਰਤ ਕਰਦੀ ਹੈ। 'ਕਿਹੜੀ ਨਵੀਂ ਪੜ੍ਹਾਈ' ਦੇ ਸਿਰਲੇਖ ਵਾਲੀ ਕਵਿਤਾ ਆਧੁਨਿਕ ਸਹੂਲਤਾਂ ਦੇ ਲਾਭ ਦੀ ਥਾਂ ਨੁਕਸਾਨ ਜ਼ਿਆਦਾ ਹੋਣ ਬਾਰੇ ਦੱਸਿਆ ਗਿਆ ਹੈ।

ਕਿਸਾਨ ਨੂੰ ਮਿਹਨਤ ਕਰਨ ਲਈ ਪ੍ਰੇਰਿਆ ਗਿਆ ਹੈ। 'ਜਦੋਂ ਅਕਲ 'ਤੇ ਪਰਦਾ ਪੈ ਜਾਂਦਾ' ਵਿੱਚ ਮਾਨਸਿਕ ਭਟਕਣਾ ਕਰਕੇ ਇਨਸਾਨ ਕੁਰਾਹੇ ਪੈ ਕੇ ਗ਼ਲਤ ਕੰਮ ਕਰਦਾ ਹੈ। 'ਧੀ ਜੰਮੀ ਤੇ ਇਉਂ ਸੋਗ' ਕਵਿਤਾ ਵਿੱਚ ਲੜਕੀ ਦੇ ਜੰਮਣ ਨੂੰ ਬੁਰਾ ਮਨਾਉਣ ਵਾਲਿਆਂ ਨੂੰ ਲੜਕੀਆਂ ਨੂੰ ਪੜ੍ਹਾਈ ਕਰਵਾਉਣ ਤੇ ਜ਼ੋਰ ਦਿੱਤਾ ਗਿਆ ਹੈ ਤਾਂ ਜੋ ਉਹ ਮਰਦਾਂ ਦੇ ਮੁਕਾਬਲੇ ਅੱਗੇ ਲੰਘ ਰਹੀਆਂ ਲੜਕੀਆਂ ਦੀ ਤਰ੍ਹਾਂ ਸਫਲਤਾ ਪ੍ਰਾਪਤ ਕਰ ਸਕੇ। ਲੜਕੀ ਸਰਾਪ ਨਹੀਂ ਹੁੰਦੀ। 'ਆਟੇ ਦੀ ਪਰਾਤ' ਕਵਿਤਾ ਆਲਸੀ ਲੋਕਾਂ ਦੀ ਜ਼ਿੰਦਗੀ ਦਾ ਪੱਖ ਉਜਾਗਰ ਕਰਦੀ ਹੈ। 'ਸ਼ਰਾਬ' ਅਤੇ ਨਸ਼ਿਆਂ ਤੇ ਗੰਦਿਆਂ ਗੀਤਾਂ ਵਾਲੀਆਂ ਕਵਿਤਾਵਾਂ ਸਮਾਜਿਕ ਬੁਰਾਈਆਂ ਤੋਂ ਖਹਿੜਾ ਛੁਡਾਉਣ ਦੀ ਤਾਕੀਦ ਕਰਦੀਆਂ ਹਨ। 'ਨਿੱਕੀ ਨਿੱਕੀ ਗੱਲ ਪਿੱਛੇ' ਕਵਿਤਾ ਵਿੱਚ ਏਕੇ ਵਿੱਚ ਬਰਕਤ, ਮਿੱਠੀ ਬੋਲੀ ਅਤੇ ਇਕ ਦੂਜੇ ਦਾ ਸਤਿਕਾਰ ਕਰਨ ਦੀ ਮਹੱਤਤਾ ਦੱਸੀ ਗਈ ਹੈ। ਦੁੱਖ-ਸੁੱਖ ਦੋਵੇਂ ਜ਼ਿੰਦਗੀ ਦਾ ਹਿੱਸਾ ਹਨ, ਇਨ੍ਹਾਂ ਨੂੰ ਪ੍ਰਵਾਨ ਕਰਨਾ ਚਾਹੀਦਾ। 'ਕੁੜੀ ਤੇ ਚਿੜੀ' ਵੀ ਸਿੰਬਾਲਿਕ ਕਵਿਤਾ ਹੈ। 'ਕੁਝ ਸਚਾਈਆਂ' ਅਤੇ ਕਾਵਿ ਸੰਗ੍ਰਹਿ ਦੀ ਆਖਰੀ ਕਵਿਤਾ 'ਮਾਡਰਨ ਜਮਦੂਤ' ਵਰਤਮਾਨ ਹਾਲਾਤ ਦਾ ਪ੍ਰਗਟਾਵਾ ਕਰਦੀਆਂ ਹਨ, ਜਿਨ੍ਹਾਂ ਵਿੱਚ ਸਮਾਜਿਕ ਕਦਰਾਂ ਕੀਤਾਂ ਦੇ ਹੋ ਰਹੇ ਘਾਣ ਦੀ ਤਸਵੀਰ ਪੇਸ਼ ਕੀਤੀ ਗਈ ਹੈ।

ਮਾਨਵਵਾਦੀ ਕਵਿਤਾਵਾਂ ਤੋਂ ਇਲਾਵਾ 9 ਗੀਤ ਅਤੇ ਕਵਿਤਾਵਾਂ ਰੁਮਾਂਸਵਾਦ ਨਾਲ ਸੰਬੰਧਤ ਹਨ, ਜੋ ਪੰਜਾਬੀ ਸਭਿਅਚਾਰ ਦਾ ਪ੍ਰਗਟਾਵਾ ਵੀ ਕਰਦੀਆਂ ਹਨ। 'ਪ੍ਰਦੇਸ ਵਸੇਂਦੇ ਮਾਹੀ ਨੂੰ' ਕਵਿਤਾ ਵਿੱਚ ਵੀ ਪਿਛੇ ਰਹਿ ਗਏ ਪਰਿਵਾਰ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪਤਨੀ ਆਪਣੇ ਪਤੀ ਦੀ ਉਡੀਕ ਵਿੱਚ ਪਿਆਰ ਮੁਹੱਬਤ ਦੀ ਤਾਂਘ ਰੱਖਦੀ ਹੈ। 'ਤੇਰੇ ਬਿਨਾਂ ਗਿੱਧਾ ਭਾਬੀ ਨਹੀਉਂ ਜੱਚਣਾ' ਪੰਜਾਬੀ ਸਭਿਆਚਾਰ ਦੀ ਪ੍ਰਤੀਕ ਕਵਿਤਾ ਹੈ। 'ਮੇਲੇ 'ਚ ਸੋਹਣਾ ਗੁੰਮ ਹੋ ਗਿਆ' ਰੁਮਾਂਟਿਕ ਗੀਤ ਹੈ ਜੋ ਪਿਆਰਿਆਂ ਦੀਆਂ ਭਾਵਨਾਵਾਂ ਦਰਸਾਉਂਦਾ ਹੈ। 'ਚਿੱਠੀ ਸੱਜਣਾ ਦੀ', ਉਡੀਕ, ਲੋਹੜੀ ਵਾਲੇ ਦਿਨ, ਯਾਦ ਸੱਜਣ ਦੀ ਅਤੇ ਮਾਡਰਨ ਮਿਰਜ਼ਾ ਕਵਿਤਾਵਾਂ ਵਿੱਚ ਮੁਹੱਬਤ ਦੀਆਂ ਬਾਤਾਂ ਪਾਈਆਂ ਹੋਈਆਂ ਹਨ। ਭਵਿਖ ਵਿੱਚ ਪਰਮਜੀਤ ਵਿਰਕ ਤੋਂ ਹੋਰ ਸਮਾਜਿਕ ਸਰੋਕਾਰਾਂ ਅਤੇ ਮਾਨਵਾਦੀ ਕਵਿਤਾਵਾਂ ਦੀ ਉਮੀਦ ਕੀਤੀ ਜਾ ਸਕਦੀ ਹੈ।




95 ਪੰਨਿਆਂ,120 ਰੁਪਏ ਕੀਮਤ ਵਾਲਾ ਕਾਵਿ ਸੰਗ੍ਰਹਿ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤਾ ਹੈ।

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English

ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

# ਰਕਬਾ ਭਵਨ ਵਿਖੇ ਪ੍ਰਵਾਸੀ ਪੰਜਾਬੀਆਂ ਦੇ ਸਹਿਯੋਗ ਨਾਲ ਬਣਾਵਾਂਗੇ ਸੀਨੀਅਰ ਸਿਟੀਜ਼ਨ ਹੋਮ- ਬਾਵਾ

* ਪਾਲੀ ਵਿਰਕ, ਪਾਸੀ, ਅਜੀਤ ਸਿੰਘ ਬਾਰੀ ਕਲਕੱਤਾ, ਦਲਜੀਤ ਸਿੰਘ ਯੂ.ਐਸ.ਏ. ਵਿਸ਼ੇਸ਼ ਤੌਰ 'ਤੇ ਸਨਮਾਨਿਤ





ਮੁੱਲਾਂਪੁਰ ਦਾਖਾ, 5 ਦਸੰਬਰ (ਪੋਸਟ ਬਿਊਰੋ)- ਅੱਜ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਪ੍ਰਵਾਸੀ ਪੰਜਾਬੀ ਪਾਲੀ ਵਿਰਕ ਕੈਨੇਡਾ, ਦਲਜੀਤ ਸਿੰਘ ਯੂ।ਐੱਸ।ਏ।, ਅਮਰਜੀਤ ਸਿੰਘ ਗਰੇਵਾਲ ਕੈਨੇਡਾ, ਕਲਕੱਤਾ ਦੇ ਉੱਘੇ ਬਿਜ਼ਨਸਮੈਨ ਅਤੇ ਤ੍ਰਿਮੂਲ ਕਾਂਗਰਸ ਦੇ ਨੇਤਾ ਅਜੀਤ ਸਿੰਘ ਬਾਰੀ, ਫਾਊਂਡੇਸ਼ਨ ਕਲਕੱਤਾ ਦੇ ਪ੍ਰਧਾਨ ਮੇਘ ਸਿੰਘ ਕਲਕੱਤਾ, ਉੱਘੇ ਬਿਲਡਰ ਵਿਕਾਸ ਪਾਸੀ, ਜਗਮੋਹਨ ਕੋਚਰਅ, ਆਸਟ੍ਰੇਲੀਆ, ਰਾਣਾ ਝਾਂਡੇ, ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਸਰਪ੍ਰਸਤ ਫਾਊਂਡੇਸ਼ਨ ਪੰਜਾਬ ਮਾਨ ਸਿੰਘ ਗਰਚਾ ਅਤੇ ਗੁਰਦੇਵ ਲਾਪਰਾਂ, ਕਨਵੀਨਰ ਫਾਊਂਡੇਸ਼ਨ ਬਲਦੇਵ ਬਾਵਾ ਅਤੇ ਸੂਬਾ ਪ੍ਰਧਾਨ ਕਰਨੈਲ ਸਿੰਘ ਗਿੱਲ ਨੇ ਉਪਰੋਕਤ ਸ਼ਖ਼ਸੀਅਤਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ 'ਤੇ ਆਧਾਰਿਤ ਪੁਸਤਕਾਂ, ਸ਼ਾਲ ਅਤੇ ਮੈਡਲ ਪਾਕੇ ਸਨਮਾਨਿਤ ਕੀਤਾ। ਇਸ ਸਮੇਂ ਮਾਸਟਰ ਗੁਰਚਰਨ ਸਿੰਘ ਰਕਬਾ, ਵਿਕੀ ਬਾਵਾ, ਅਮਨਦੀਪ ਬਾਵਾ, ਪਵਨ ਗਰਗ, ਅਰਜਨ ਬਾਵਾ ਅਤੇ ਸੁਖਦੇਵ ਸਿੰਘ ਆਦਿ ਹਾਜ਼ਰ ਸਨ।

ਇਸ ਸਮੇਂ ਸ਼੍ਰੀ ਬਾਵਾ ਨੇ ਆਏ ਮਹਿਮਾਨਾਂ ਨੂੰ ਸ਼ਬਦ ਪ੍ਰਕਾਸ਼ ਅਜਾਇਬ ਘਰ ਦੇ ਦਰਸ਼ਨਾਂ ਤੋਂ ਬਾਅਦ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਅਜਾਇਬ ਘਰ ਬਣਾਉਣ ਲਈ ਐੱਸ।ਪੀ। ਸਿੰਘ ਓਬਰਾਏ ਨੇ ਬਿਲਡਿੰਗ ਤਿਆਰ ਕਰਕੇ ਦਿੱਤੀ ਜਦਕਿ ਬਾਕੀ ਪੇਂਟਿੰਗ ਅਤੇ ਹੋਰ ਤਿਆਰ ਲਈ ਪ੍ਰਵਾਸੀ ਪੰਜਾਬੀਆਂ ਨੇ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਅਸੀਂ ਇੱਥੇ ਸੀਨਅਰ ਸਿਟੀਜ਼ਨ ਹੋਮ ਬਣਾਉਣ ਅਤੇ ਪ੍ਰਵਾਸੀ ਪੰਜਾਬੀਆਂ ਦੇ ਰਹਿਣ ਲਈ ਵੀ ਯੋਗ ਪ੍ਰਬੰਧ ਕਰ ਰਹੇ ਹਾਂ। ਉਨ੍ਹਾਂ ਅਮਰੀਕਾ ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ, ਕੈਨੇਡਾ ਦੇ ਪ੍ਰਧਾਨ ਹਰਬੰਤ ਸਿੰਘ ਦਿਉਲ ਦਾ ਵਿਸ਼ੇਸ਼ ਕਰਕੇ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਵਿਚ ਹਰ ਸਾਲ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ ਜਿਸ ਵਿਚ ਮੇਰੇ ਨਾਲ ਬਲਦੇਵ ਬਾਵਾ ਅਤੇ ਜਨਰਲ ਸਕੱਤਰ ਫਾਊਂਡੇਸ਼ਨ ਅੰਗਰੇਜ਼ ਸਿੰਘ ਬਰਨਾਲਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਐਸਪੀਰੇਸ਼ਨਲ ਜ਼ਿਲ੍ਹੇ ਫਿਰੋਜ਼ਪੁਰ ਦੇ ਸਹੂਲਤਾਂ ਤੋਂ ਵਾਂਝੇ ਪਿੰਡਾਂ ਦੇ ਦੌਰਾ ਕਰਨ ਦੇ ਆਦੇਸ਼ ਵੱਲੋਂ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਫਿਰੋਜ਼ਪੁਰ



ਫਿਰੋਜ਼ਪੁਰ, 5 ਦਸੰਬਰ (ਪੋਸਟ ਬਿਊਰੋ)- ਪਿਛਲੇ ਦਿਨੀਂ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ ਜੱਜ ਸਾਹਿਬ ਨੇ ਅਖਬਾਰ ਵਿੱਚ ਲੱਗੀ ਖਬਰ ਜਿਸ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ 19 ਪਿੰਡਾਂ ਨੂੰ ਮੁੱਢਲੀਆਂ ਸਹੂਲਤਾਂ ਤੋਂ ਸੱਖਣੇ ਰਹਿਣ ਬਾਰੇ ਵਿਚਾਰ ਕੀਤਾ ਗਿਆ ਸੀ । ਇਸ ਦੇ ਮੱਦੇਨਜਰ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸਹਿਤ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਜੀਆਂ ਨੇ ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ ਵੱਖ ਵਿਭਾਗਾਂ ਦੇ ਅਫਸਰਾਂ ਸਮੇਤ ਸੀ. ਜੇ. ਐੱਮ. ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਨੂੰ ਲੈ ਕੇ ਇੱਕ ਕਮੇਟੀ ਬਣਾਈ ਵੱਖ ਵੱਖ ਅਦਾਰਿਆਂ ਦੇ ਅਫਸਰ ਸਾਹਿਬਾਨ ਮੌਜੂਦ ਸਨ । ਇਸ ਤੋਂ ਬਾਅਦ ਜੱਜ ਸਾਹਿਬ ਨੇ ਮਾਨਯੋਗ ਸੈਸ਼ਨਜ਼ ਜੱਜ ਸਾਹਿਬ ਨੇ ਇਸ ਕਮੇਟੀ ਮੈਂਬਰਾਂ ਨੂੰ ਆਦੇਸ਼ ਦਿੱਤੇ ਕਿ ਉਹ ਇਨ੍ਹਾਂ 19 ਪਿੰਡਾਂ ਦਾ ਦੌਰਾ ਕਰਨ ਅਤੇ ਲੋਕਾਂ ਨੂੰ ਕਾਨੂੰਨੀ ਸਾਖਰਤਾ, ਲੋਕ ਅਦਾਲਤਾਂ, ਮਿਡੀਏਸ਼ਨ ਸੈਂਟਰ, ਸਥਾਈ ਲੋਕ ਅਦਾਲਤ ਅਤੇ ਨਾਲਸਾ ਦੀਆਂ ਸਕੀਮਾਂ ਬਾਰੇ ਜਾਣਕਾਰੀ ਦੇਣ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣਨ ਬਾਰੇ ਕਿਹਾ ਗਿਆ ਅਤੇ ਇਸ ਦੀ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਤਾਂ ਜੋ ਵੱਖ ਵੱਖ ਅਦਾਰਿਆਂ ਨੂੰ ਵੀ ਸਬੰਧਤ ਸਮੱਸਿਆਵਾਂ ਦੇ ਨਿਪਟਾਰੇ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ ।

ਫਿਰੋਜ਼ਪੁਰ ਜ਼ਿਲ੍ਹੇ ਨੂੰ ਮਾਨਯੋਗ ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਦਿੱਲੀ ਵੱਲੋਂ ਐਸਪੀਰੇਸ਼ਨਲ ਜ਼ਿਲ੍ਹੇ ਵਜੋਂ ਚੁਣਿਆ ਗਿਆ ਹੈ । ਭਾਰਤ ਦੇ ਕੁੱਲ 112 ਜ਼ਿਲ੍ਹੇ ਐਸਪੀਰੇਸ਼ਨਲ ਜ਼ਿਲ੍ਹੇ ਵਜੋਂ ਚੁਣੇ ਗਏ ਹਨ ਜਿਨ੍ਹਾਂ ਵਿੱਚੋਂ ਪੰਜਾਬ ਦੇ 2 ਜ਼ਿਲ੍ਹੇ ਮੋਗਾ ਅਤੇ ਫਿਰੋਜ਼ਪੁਰ ਐਸਪੀਰੇਸ਼ਨਲ ਜ਼ਿਲ੍ਹਿਆਂ ਵਜੋਂ ਚੁਣੇ ਗਏ ਹਨ । ਇਸ ਦੇ ਤਹਿਤ ਵੱਖ ਵੱਖ ਅਦਾਰਿਆਂ ਦੇ ਸਹਿਯੋਗ ਨਾਲ ਪੂਰੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਕਾਨੂੰਨੀ ਸਾਖਰਤਾ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਸਬੰਧੀ ਪ੍ਰੋਗਰਾਮ ਕਰਨ ਲਈ ਕਿਹਾ ਗਿਆ । ਇਸ ਮੌਕੇ ਮਾਨਯੋਗ ਸੈਸ਼ਨਜ ਜੱਜ ਸਾਹਿਬ ਨੇ ਵਿਸ਼ੇਸ਼ ਤੌਰ ਤੇ ਇਨ੍ਹਾਂ 19 ਪਿੰਡਾਂ ਟੇਂਡੀ ਵਾਲਾ, ਚਾਂਦੀ ਵਾਲਾ, ਗੱਟੀ ਰਾਜੋ ਕੇ, ਭਾਨੇ ਵਾਲਾ, ਹਬੀਬ ਵਾਲਾ, ਜੱਲੋ ਕੇ, ਭਾਖੜਾ, ਹਜ਼ਾਰੇ, ਦੋਨਾ ਮੱਤੜ ਹਿਠਾੜ, ਦੋਨਾ ਮੱਤੜ ਉਤਾੜ, ਬਸਤੀ ਵੱਲੂ ਸਿੰਘ, ਗਜਨੀਵਾਲਾ, ਬਹਾਦਰ ਕੇ, ਕਮਾਲੇ ਵਾਲਾ, ਨਿਹਾਲੇ ਵਾਲਾ, ਨਿਹੰਗਾਂ ਵਾਲਾ, ਕਿਲਚਾ, ਪੱਲਾ ਮੇਘਾ ਸਹਿਤ ਹੋਰ ਪਿੰਡਾਂ ਦਾ ਜਾਇਜ਼ਾ ਲੈ ਕੇ ਉਨ੍ਹਾਂ ਦੀਆਂ ਕਾਨੂੰਨੀ ਮੁਸ਼ਕਿਲਾਂ ਅਤੇ ਹੋਰ ਮੁਸ਼ਕਿਲਾਂ ਦਾ ਨਿਪਟਾਰਾ ਕਰਨ ਦੇ ਆਦੇਸ਼ ਦਿੱਤੇ ।

# ਅਦਾਰਾ ਲੋਹਮਣੀ ਵਲੋ ਨਛੱਤਰ ਕੌਰ ਗਿੱਲ ਦੀ ਯਾਦ ਵਿਚ ਸਲਾਨਾ ਸਾਹਿਤਕ ਸਮਾਗਮ

* ਗੁਰਦੀਪ ਲੋਪੋ, ਹਰਵਿੰਦਰ ਬਿਲਾਸਪੁਰ ਤੇ ਦਿਲਬਾਗ ਸਿੰਘ ਬੁੱਕਣਵਾਲਾ ਦਾ ਹੋਵੇਗਾ ਸਨਮਾਨ



ਮੋਗਾ, 5 ਦਸੰਬਰ (ਗਿਆਨ ਸਿੰਘ)- ਅੰਤਰ-ਰਾਸ਼ਟਰੀ ਪਾਠਕ-ਲੇਖਕ ਮੰਚ ਦੇ ਅਦਾਰਾ ਲੋਹਮਣੀ ਵਲੋਂ ਸ੍ਰੀਮਤੀ ਨਛੱਤਰ ਕੌਰ ਗਿੱਲ ਦੀ ਯਾਦ ਵਿਚ ਸਲਾਨਾ ਸਾਹਿਤਕ ਸਮਾਗਮ ਕਰਵਾਉਣ ਲਈ ਸਾਹਿਤਕਾਰਾਂ ਦੀ ਵਿਸ਼ੇਸ ਇਕੱਤਰਤਾ ਸੁਤੰਤਰਤਾ ਸੰਗਰਾਮੀ ਭਵਨ ਵਿਖੇ ਹੋਈ। ਇਸ ਵਿਚ ਸ ਗੁਰਬਚਨ ਸਿੰਘ ਚਿੰਤਕ(ਕੈਨੇਡਾ) ਡਾਇਰੈਕਟਰ ਅਦਾਰਾ ਲੋਹਮਣੀ, ਪ੍ਰਸਿੱਧ ਨਾਵਕਾਰ ਸ ਬਲਦੇਵ ਸਿੰਘ ਸੜਕਨਾਮਾ, ਡਾਕਟਰ ਸੁਰਜੀਤ ਬਰਾੜ, ਸ ਗੁਰਚਰਨ ਸਿੰਘ ਸੰਘਾ ਪ੍ਰਧਾਨ ਲੋਕ ਸਾਹਿਤ ਅਕਾਦਮੀ , ਸ੍ਰੀਮਤੀ ਬੇਅੰਤ ਕੌਰ ਗਿੱਲ, ਸ੍ਰੀਮਤੀ ਕਰਮਜੀਤ ਕੌਰ, ਸ੍ਰੀ ਜਸਵੀਰ ਕਲਸੀ, ਸ ਜੰਗੀਰ ਸਿੰਘ ਖੋਖਰ, ਸ੍ਰੀ ਅਸ਼ੋਕ ਚਟਾਨੀ, ਸ੍ਰੀ ਚਰਨਜੀਤ ਸਮਾਲਸਰ, ਕਰਨਲ ਬਾਬੂ ਸਿੰਘ, ਸ ਹਰਭਜਨ ਸਿੰਘ ਨਾਗਰਾ ਸਾਮਲ ਹੋਏ। ਇਸ ਮੀਟਿੰਗ ਵਿੱਚ ਲੋਹਮਣੀ ਦੇ ਸਲਾਨਾ ਸਮਾਗਮ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਮੀਟਿੰਗ ਉਪਰੰਤ ਡਾਕਟਰ ਸੁਰਜੀਤ ਬਰਾੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਹਮਣੀ ਦਾ ਸਲਾਨਾ ਸਮਾਗਮ 10 ਦਸੰਬਰ ਨੂੰ ਸਵੇਰੇ 10 ਵਜੇ ਸੁਤੰਤਰਤਾ ਸੰਗਰਾਮੀ ਭਵਨ ਮੋਗਾ ਵਿਖੇ ਹੋਵੇਗਾ ਜਿਸ ਵਿੱਚ ਪਹਿਲਾਂ ਕਵੀ ਦਰਬਾਰ ਹੋਵੇਗਾ।ਉਹਨਾਂ ਦੱਸਿਆ ਕਿ ਸਲਾਨਾ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸ ਗੁਰਬਚਨ ਸਿੰਘ ਚਿੰਤਕ(ਕੈਨੇਡਾ), ਸੁਰਿੰਦਰ ਗੀਤ(ਕੈਨੇਡਾ) ਉਘੇ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਹਾਸ ਵਿਅੰਗ ਲੇਖਕ ਸ੍ਰੀ ਕੇ ਐਲ ਗਰਗ ਤੇ ਗੁਰਮੀਤ ਸਿੰਘ ਭਿੰਡਰ ਵਿਚ ਸਾਮਲ ਹੋਣਗੇ। ਉਹਨਾਂ ਦੱਸਿਆ ਕਿ ਪਿਛਲੇ 15 ਸਾਲ ਤੋ ਛੱਪ ਰਹੇ ਤ੍ਰੈਮਾਸਿਕ ਮੈਗਜੀਨ ਲੋਹਮਣੀ ਦਾ 60ਵਾਂ ਅੰਕ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਅਦਾਰਾ ਲੋਹਮਣੀ ਦੇ ਫੈਸਲੇ ਅਨੁਸਾਰ ਸਾਹਿਤਕਾਰ ਗੁਰਦੀਪ ਲੋਪੋ, ਹਰਵਿੰਦਰ ਬਿਲਾਸਪੁਰ ਤੇ ਦਿਲਬਾਗ ਸਿੰਘ ਬੁੱਕਣਵਾਲਾ ਨੂੰ ਸਨਮਾਨਿਤ ਕੀਤਾ ਜਾਵੇਗਾ। ਉਹਨਾਂ ਇਹ ਵੀ ਦੱਸਿਆ ਕਿ ਤੇ ਕੁਝ ਸਾਹਿਤਕਾਰਾਂ ਦੀਆਂ ਕਿਤਾਬਾਂ ਲੋਕ ਅਰਪਣ ਕੀਤੀਆਂ ਜਾਣਗੀਆਂ। ਉਹਨਾਂ ਦੱਸਿਆ ਕਿ ਪ੍ਰਵਾਸੀ ਪੰਜਾਬੀ ਜਗਦੀਪ ਸਿੰਘ ਸਿਵੀਆਂ ਕੈਨੇਡਾ, ਦਰਸਨ ਸਿੰਘ ਸੰਘਾ ਅਮਰੀਕਾ, ਦਵਿੰਦਰ ਸਿੰਘ ਧਾਲੀਵਾਲ ਆਸਟਰੇਲੀਆ, ਬਲਦੇਵ ਸਿੰਘ ਗਿੱਲ ਇੰਗਲੈਂਡ, ਜਤਿੰਦਰਪਾਲ ਸਿੰਘ ਗਿੱਲ ਕੈਨੇਡਾ, ਗੁਰਮੀਤ ਸਿੰਘ ਭਿੰਡਰ ਮਨੀਲਾ ਅਤੇ ਮਹਿੰਦਰਦੀਪ ਸਿੰਘ ਗਰੇਵਾਲ ਯੂ ਐਸ ਏ ਅਦਾਰਾ ਲੋਹਮਣੀ ਦੇ ਸਰਪ੍ਰਸਤ ਹਨ ਜਿਨ੍ਹਾਂ ਦੀ ਦੇਖ ਰੇਖ ਇਹ ਮੈਗਜ਼ੀਨ ਨਿਰੰਤਰ ਛੱਪ ਰਿਹਾ। ਇਸ ਦੇ ਮੈਗਜੀਨ ਦੀ ਟੀਮ ਵਿੱਚ ਮੁੱਖ ਸੰਪਾਦਕ ਪ੍ਰੋਫੈਸਰ ਨਿਰਮਲਜੀਤ ਕੌਰ,ਸਹਿ ਸੰਪਾਦਕ ਗੁਰਮੇਲ ਸਿੰਘ ਬੌਡੇ, ਸੁਰਜੀਤ ਦੌਧਰ(ਆਨਰੇਰੀ), ਸੁਰਜੀਤ ਸਿੰਘ ਕਾਉਂਕੇ ਅਮਰੀਕਾ,ਜੰਗੀਰ ਸਿੰਘ ਖੋਖਰ ਅਤੇ ਉਹ ਖੁਦ(ਡਾਕਟਰ ਸੁਰਜੀਤ ਬਰਾੜ) ਸਾਮਲ ਹਨ।

ਸ ਨਛੱਤਰ ਸਿੰਘ ਗਿੱਲ (ਕੈਨੇਡਾ) ਮੈਨਜਿੰਗ ਡਾਇਰੈਕਟਰ, ਲੋਹਮਣੀ ਅਦਾਰਾ, ਅੰਤਰ-ਰਾਸ਼ਟਰੀ ਲੇਖਕ ਪਾਠਕ ਮੰਚ ਤੇ ਅਦਾਰਾ ਲੋਹਮਣੀ ਦੇ ਸਮੂਹ ਮੈਂਬਰਾਂ ਨੇ ਸਾਹਿਤਕਾਰਾਂ ਨੂੰ ਸਲਾਨਾ ਸਮਾਗਮ ਵਿਚ ਸਾਮਲ ਹੋਣ ਲਈ ਸੱਦਾ ਦਿੱਤਾ ਹੈ।


ਪੰਜਾਬੀ ਪੋਸਟ CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਉਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092
www.STARLANEPAINTING.com

## ਕੇਅਰ ਗਿਵਰ ਦੀ ਲੋੜ


ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

You can Place Your Business Here (905)793-2202
To Reach Wider Audience

For more info Call 905-793-2202 or e-mail ads@punjabipost.ca

Visions of Punjab

Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Iqbal Mahal
Producer & Host
Serving the South Asian Community Since 1976

## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

# ਗੈਂਗਸਟਰ ਗੋਲਡੀ ਬਰਾੜ ਨੂੰ ਹਿਰਾਸਤ ਵਿਚ ਲਏ ਜਾਣ ਦੇ ਦਾਅਵੇ ਖੋਖਲੇ ਸਾਬਤ ਹੋਣ ਮਗਰੋਂ ਭਗਵੰਤ ਮਾਨ ਚੁੱਪ ਕਿਉਂ : ਅਕਾਲੀ ਦਲ

-ਬਿਕਰਮ ਮਜੀਠੀਆ 'ਤੇ ਉਂਗਲ ਚੁੱਕਣ ਤੋਂ ਪਹਿਲਾਂ ਆਪ ਆਗੂ ਆਪਣੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਪੁੱਛਣ ਕਿ ਉਹਨਾਂ ਨੇ ਮਜੀਠੀਆ ਤੋਂ ਲਿਖਤੀ ਮੁਆਫੀ ਕਿਉਂ ਮੰਗੀ ਸੀ : ਕਲੇਰ
-ਅਕਾਲੀ ਦਲ ਕੰਗ ਖਿਲਾਫ ਅਦਾਲਤੀ ਮਾਣਹਾਨੀ ਦੀ ਕਾਰਵਾਈ ਬਾਰੇ ਵਿਚਾਰ ਕਰੇਗਾ



ਚੰਡੀਗੜ੍ਹ, 5 ਦਸੰਬਰ (ਪੋਸਟ ਬਿਊਰੋ): ਸ਼੍ਰੋਮਣੀ ਅਕਾਲੀ ਦਲ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਨੂੰ ਆਖਿਆ ਕਿ ਉਹਨਾਂ ਵੱਲੋਂ ਗੈਂਗਸਟਰ ਗੋਲਡੀ ਬਰਾੜ ਨੂੰ ਹਿਰਾਸਤ ਵਿਚ ਲਏ ਜਾਣ ਦੇ ਦਾਅਵਿਆਂ ਦੀ ਫੂਕ ਨਿਕਲਣ ਮਗਰੋਂ ਉਹਨਾਂ ਚੁੱਪੀ ਕਿਉਂ ਧਾਰ ਲਈ ਹੈ ਜਦੋਂ ਕਿ ਗੋਲਡੀ ਬਰਾੜ ਟੀਵੀ ਇੰਟਰਵਿਊ ਜਨਤਕ ਹਨ ਜਿਹਨਾਂ ਵਿਚ ਉਹ ਉਹਨਾਂ ਦੇ ਦਾਅਵੇ ਨੂੰ ਨਕਾਰ ਰਿਹਾ ਹੈ।

ਅੱਜ ਸ਼ਾਮ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਬੁਲਾਰੇ ਤੇ ਕਾਨੂੰਨੀ ਸਲਾਹਕਾਰ ਐਡਵੋਕੇਟ ਅਰਸ਼ਦੀਪ ਸਿੰਘ ਕਲੇਕਰ ਨੇ ਕਿਹਾ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਗੋਲਡੀ ਬਰਾੜ ਨੂੰ ਅਮਰੀਕੀ ਏਜੰਸੀਆਂ ਵੱਲੋਂ ਅਮਰੀਕਾ ਵਿਚ ਹਿਰਾਸਤ ਵਿਚ ਲੈਣ ਦਾ ਦਾਅਵਾ ਕੀਤੇ ਨੂੰ 3 ਦਿਨ ਬੀਤ ਚੁੱਕੇ ਹਨ ਤੇ ਜਾਪਦਾ ਹੈ ਕਿ ਉਹਨਾਂ ਸਿਰਫ ਆਪ ਲਈਵੋਟਾਂ ਲੈਣ ਵਾਸਤੇ ਇਹ ਬਿਆਨਬਾਜ਼ੀ ਕੀਤੀ। ਉਹਨਾਂ ਕਿਹਾ ਕਿ ਉਦੋਂ ਤੋਂ ਹੁਣ ਤੱਕ ਨਾ ਤਾਂ ਭਾਰਤੀ ਵਿਦੇਸ਼ ਮੰਤਰਾਲੇ ਜਾਂ ਗ੍ਰਹਿ ਮੰਤਰਾਲੇ ਜਾਂ ਪੰਜਾਬ ਦੇ ਡੀ ਜੀ ਪੀ ਨੇ ਪੰਜਾਬ ਦੇ ਮੁੱਖ ਮੰਤਰੀ ਦੇ ਗੋਲਡੀ ਬਰਾੜ ਬਾਰੇ ਦਾਅਵੇ ਦੀ ਪੁਸ਼ਟੀ ਕੀਤੀਹੈ। ਉਹਨਾਂ ਕਿਹਾ ਕਿ ਅਮਰੀਕੀ ਏਜੰਸੀਆਂ ਨੇ ਵੀ ਪੰਜਾਬ ਦੇ ਮੁੱਖ ਮੰਤਰੀ ਦੇ ਦਾਅਵਿਆਂ ਬਾਰੇ ਇਕ ਸ਼ਬਦ ਨਹੀਂ ਕਿਹਾ।

ਆਪ ਦੇ ਬੁਲਾਰੇ ਮਾਲਵਿੰਦਰ ਸਿੰਘ ਕੰਗ ਵੱਲੋਂ ਪਿਛਲੀਆਂ ਸਰਕਾਰਾਂ ਵੱਲੋਂ ਗੈਂਗਸਟਰਾਂ ਦੀ ਪੁਸ਼ਤਪਨਾਹੀ ਕਰਨ ਦੇ ਕੀਤੇ ਦਾਅਵੇ ਦੀ ਨਿਖੇਧੀ ਕਰਦਿਆਂ ਐਡਵੋਕੇਟ ਕਲੇਰ ਨੇ ਆਪ ਆਗੂ ਨੂੰ ਚੇਤੇ ਕਰਵਾਇਆ ਕਿ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਲਾਰੰਸ ਬਿਸ਼ਨੋਈ ਗੈਂਗ ਨੇ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੈਠ ਕੇ ਕਰਵਾਇਆ ਹੈ ਤੇ ਇਹ ਜੇਲ੍ਹ ਸਿੱਧਾ ਹੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਆਪ ਸਰਕਾਰ ਦੇ ਕੰਟਰੋਲ ਅਧੀਨ ਹੈ। ਉਹਨਾਂ ਕਿਹਾ ਕਿ ਸੱਚਾਈ ਇਹ ਹੈ ਕਿ ਪੰਜਾਬ ਵਿਚ ਆਪ ਸਰਕਾਰ ਕਾਨੂੰਨ ਵਿਵਸਥਾ ਸੰਭਾਲਣ ਵਿਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ ਅਤੇ ਹੁਣ ਇਹ ਆਪਣੀ ਅਸਫਲਤਾ ਦਾ ਸਿਹਰਾ ਪਿਛਲੀਆਂ ਸਰਕਾਰਾਂ ਸਿਰ ਭੰਨਣਾ ਚਾਹੁੰਦੀ ਹੈ।

ਆਪ ਆਗੂ ਦੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਬਾਰੇ ਕੀਤੇ ਦਾਅਵਿਆਂ ਦਾ ਮਖੌਲ ਉਡਾਉਂਦਿਆਂ ਅਕਾਲੀ ਦਲ ਦੇ ਬੁਲਾਰੇ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਆਪ ਦੇ ਆਗੂ ਇਹ ਭੁੱਲ ਗਏ ਹਨ ਕਿ ਉਹਨਾਂ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਸ ਮਾਮਲੇ ਵਿਚ ਅਦਾਲਤ ਵਿਚ ਲਿਖਤੀ ਮੁਆਫੀ ਸਰਦਾਰ ਮਜੀਠੀਆ ਤੋਂ ਮੰਗੀ ਹੈ। ਉਹਨਾਂ ਸਵਾਲ ਕੀਤਾ ਕਿ ਕੀ ਉਹ ਆਪ ਵਿਚ ਕੇਜਰੀਵਾਲ ਤੋਂ ਵੀ ਉਪਰ ਹਨ।

ਆਪ ਦੇ ਬੁਲਾਰੇ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਮਜੀਠੀਆ ਨੂੰ ਦਿੱਤੀ ਜ਼ਮਾਨਤ ਬਾਰੇ ਕੀਤੀਆਂ ਟਿੱਪਣੀਆਂ ਦਾ ਗੰਭੀਰ ਨੋਟਿਸ ਲੈਂਦਿਆਂ ਐਡਵੋਕੇਟ ਕਲੇਰ ਨੇ ਕਿਹਾ ਕਿ ਉਹਨਾਂ ਦੀਆਂ ਟਿੱਪਣੀਆਂ ਅਦਾਲਤ ਦੀ ਸਿੱਧੇ ਤੌਰ 'ਤੇ ਮਾਣਹਾਨੀ ਹਨ ਤੇ ਉਹ ਉਹਨਾਂ ਖਿਲਾਫ ਕਾਨੂੰਨੀ ਕਾਰਵਾਈ ਦੇ ਸਾਰੇ ਵਿਕਲਪ ਵਿਚਾਰਨਗੇ।

ਉਹਨਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਅੱਜ ਨਸ਼ਾ ਪੰਜਾਬ ਦੇ ਹਰ ਕੋਨੇ ਵਿਚ ਉਪਲਬਧ ਹੈ ਤੇ ਲੋਕਾਂ ਨੇ ਪਿਛਲੇ 8 ਮਹੀਨਿਆਂ ਵਿਚ ਕਈ ਵਾਰ ਆਪ ਸਰਕਾਰ ਦੇ ਮੰਤਰੀਆਂ ਨੂੰ ਇਹਵਿਖਾਇਆ ਵੀ ਹੈ। ਉਹਨਾਂ ਕਿਹਾ ਕਿ ਬਜਾਏ ਆਪਣੀਆਂ ਗਲਤੀਆਂ ਮੰਨਣ ਤੇ ਦਰੁੱਸਤੀ ਵਾਲੇ ਕਦਮ ਚੁੱਕਣ ਦੇ ਆਮ ਆਦਮੀ ਪਾਰਟੀ ਸਰਕਾਰ ਇਸਦਾ ਸਿਹਰਾ ਪਿਛਲੀਆਂ ਸਰਕਾਰਾਂ ਸਿਰ ਭੰਨਣਾ ਚਾਹੁੰਦੀਹੈ ਜੋ ਬਹੁਤ ਸ਼ਰਮਨਾਕ ਗੱਲ ਹੈ।

# ਪੰਜਾਬ ਦੀ ਨਵੀਂ ਖੇਤੀਬਾੜੀ ਨੀਤੀ 31 ਮਾਰਚ ਤੱਕ ਤਿਆਰ ਹੋਵੇਗੀ : ਕੁਲਦੀਪ ਧਾਲੀਵਾਲ

-ਨਵੀਂ ਨੀਤੀ ਪੰਜਾਬ ਦੀ ਭੂਗੋਲਿਕ ਸਥਿਤੀ, ਮਿੱਟੀ ਦੀ ਸਿਹਤ, ਫਸਲਾਂ ਤੇ ਪਾਣੀ ਨੂੰ ਮੁੱਖ ਰੱਖ ਕੇ ਹੋਵੇਗੀ ਤਿਆਰ



ਚੰਡੀਗੜ੍ਹ, 5 ਦਸੰਬਰ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਖੇਤੀਬਾੜੀ ਦੀ ਵਿਵਸਥਾ ਵਿੱਚ ਸੁਧਾਰ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ। ਇਸੇ ਦਿਸ਼ਾ 'ਚ ਅੱਗੇ ਵਧਦਿਆਂ 31 ਮਾਰਚ, 2023 ਤੱਕ ਸੂਬੇ ਦੀ ਨਵੀਂ ਖੇਤੀਬਾੜੀ ਨੀਤੀ ਤਿਆਰ ਕੀਤੀ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਨਵੀਂ ਖੇਤੀਬਾੜੀ ਨੀਤੀ ਪੰਜਾਬ ਦੀ ਭੂਗੋਲਿਕ ਸਥਿਤੀ, ਮਿੱਟੀ ਦੀ ਸਿਹਤ, ਫਸਲਾਂ ਤੇ ਪਾਣੀ ਦੀ ਉਪਲੱਬਧਤਾ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਜਾਵੇਗੀ, ਜਿਸ ਲਈ ਪ੍ਰਸਿੱਧ ਖੇਤੀਬਾੜੀ ਵਿਗਿਆਨੀਆਂ, ਮਾਹਿਰਾਂ ਤੇ ਕਿਸਾਨ ਜਥੇਬੰਦੀਆਂ ਨਾਲ ਸਲਾਹ ਮਸ਼ਵਰੇ ਕੀਤੇ ਜਾ ਰਹੇ ਹਨ।

ਧਾਲੀਵਾਲ ਨੇ ਅੱਜ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਵੱਲੋਂ 'ਪੰਜਾਬ ਦਾ ਖੇਤੀ ਵਿਕਾਸ ਮਾਡਲ - ਕੁੱਝ ਨੀਤੀਗਤ ਮੁੱਦੇ 'ਵਿਸ਼ੇ 'ਤੇ ਕਰਵਾਈ ਗਈ ਕਿਸਾਨ ਗੋਸ਼ਟੀ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਗੈਰ ਜ਼ਿੰਮੇਵਾਰਾਨਾ ਰਵੱਈਏ ਤੇ ਗਲਤ ਨੀਤੀਆਂ ਕਾਰਨ ਪੰਜਾਬ ਦਾ ਸ਼ੁੱਧ ਪਾਣੀ, ਸ਼ੁੱਧ ਹਵਾ ਤੇ ਵਾਤਾਵਰਣ ਅਤੇ ਸਿਹਤਮੰਦ ਉਪਜਾਊ ਭੂਮੀ ਹੁਣ ਦੂਸ਼ਤ ਪਾਣੀ, ਜ਼ਹਿਰੀਲੀ ਹਵਾ ਅਤੇ ਗੈਰ-ਉਪਜਾਊ ਭੂਮੀ ਵਿੱਚ ਬਦਲ ਰਹੀ ਹੈ, ਜਿਸ ਨੂੰ ਸਾਫ਼ ਨੀਤੀ ਤੇ ਨੀਅਤ ਨਾਲ ਬਦਲਣ ਦੀ ਜ਼ਰੂਰਤ ਹੈ।

ਕੁਦਰਤੀ ਖੇਤੀ ਲਈ ਵੱਖਰੀ ਨੀਤੀ ਬਣਾਉਣ ਦਾ ਐਲਾਨ ਕਰਦਿਆਂ ਖੇਤੀ ਮੰਤਰੀ ਨੇ ਕਿਹਾ ਕਿ ਖੇਤੀ ਵਿੱਚ ਰਸਾਇਣਿਕ ਖਾਦਾਂ, ਨਦੀਨ ਨਾਸ਼ਕਾਂ ਅਤੇ ਕੀਟ ਨਾਸ਼ਕਾਂ ਦੀ ਹੱਦੋਂ ਵੱਧ ਵਰਤੋਂ ਕਾਰਨ ਲੋਕਾਂ ਨੂੰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਪਹਿਲਾਂ ਵਾਲੀ ਸਥਿਤੀ ਵਿੱਚ ਲਿਆਉਣ ਲਈ ਕੁਦਰਤੀ ਖੇਤੀ ਦੇ ਆਪਣੀ ਆਬੋ-ਹਵਾ ਅਨੁਸਾਰ ਕੰਮ ਕਰਨ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਖੇਤੀ ਸਿਰਫ਼ ਖੇਤੀ ਨਹੀਂ, ਇਹ ਜੀਵਨ ਨਾਲ ਜੁੜਿਆ ਹੋਇਆ ਮੁੱਦਾ ਹੈ।ਉਨ੍ਹਾਂ ਕੋਆਪ੍ਰੇਟਿਵ ਪ੍ਰਣਾਲੀ ਨੂੰ ਆਬਾਦ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਖੇਤੀ ਨੂੰ ਜ਼ਰੂਰਤ ਮੁਤਾਬਿਕ ਕਰਨ ਦੀ ਜ਼ਰੂਰਤ ਹੈ। ਖੇਤੀ ਮੰਤਰੀ ਨੇ ਖੇਤੀ ਵਿੱਚ ਆਏ ਅਸਾਵੇਂਪਣ ਨੂੰ ਦੂਰ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਖੇਤੀਬਾੜੀ ਨੂੰ ਬਚਾਉਣ ਦੀ ਦਿਸ਼ਾ ਵਿੱਚ ਸਭ ਦੇ ਸਹਿਯੋਗ ਨਾਲ ਅੱਗੇ ਵਧੇਗੀ। ਉਨ੍ਹਾਂ ਕਿਹਾ ਕਿ ਖੇਤੀ ਕਰਨ ਲਈ ਵੱਡੀਆਂ ਮਸ਼ੀਨਾ ਖਰੀਦਣ ਦੀ ਥਾਂ ਛੋਟੀਆਂ ਮਸ਼ੀਨਾਂ ਦੀ ਸੁਯੋਗ ਵਰਤੋਂ ਕਰਨੀ ਚਾਹੀਦੀ ਹੈ, ਜਿਸ ਨਾਲ ਕਿਸਾਨਾਂ ਦੀ ਆਰਥਿਕਤਾ 'ਚ ਵੀ ਸੁਧਾਰ ਹੋਵੇਗਾ। ਪੰਜਾਬ ਦੀਆਂ ਫਸਲਾਂ, ਪਾਣੀ ਅਤੇ ਮਿੱਟੀ ਤੇ ਵਾਤਾਵਰਣ ਨੂੰ ਕੇਂਦਰ 'ਚ ਰੱਖ ਕੇ ਵੱਖ-ਵੱਖ ਕਾਨਫਰੰਸਾਂ ਕਰਨ ਦਾ ਐਲਾਨ ਕਰਦਿਆਂ ਉਨ੍ਹਾਂ ਕਿਹਾ ਸੂਬਾ ਸਰਕਾਰ ਕਿ ਖੇਤੀ ਮਾਹਿਰਾਂ ਤੇ ਖੇਤੀ ਵਿਗਿਆਨੀਆਂ ਤੇ ਤਜ਼ਰਬੇਕਾਰ ਲੋਕਾਂ ਦੀ ਮਦਦ ਨਾਲ ਖੇਤੀ ਖੇਤਰ ਨੂੰ ਮਜ਼ਬੂਤ ਕਰਨ ਦਾ ਹਰ ਸੰਭਵ ਯਤਨ ਕਰੇਗੀ।

ਇਸ ਕਾਨਫਰੰਸ ਮੌਕੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਉੱਪ-ਕੁੱਲਪਤੀ ਡਾ. ਸਤਬੀਰ ਸਿੰਘ ਗੋਸਲ, ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ, ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਡਾ. ਗੁਰਵਿੰਦਰ ਸਿੰਘ, ਡਾ. ਦਵਿੰ-ਦਰ ਸ਼ਰਮਾ, ਡਾ. ਗੁਰਕੰਵਲ ਸਿੰਘ, ਪ੍ਰੋਫੈਸਰ ਬਾਵਾ ਸਿੰਘ, ਪ੍ਰਿੰਸੀਪਲ ਸੁੱਚਾ ਸਿੰਘ, ਡਾ. ਕੁਲਦੀਪ ਸਿੰਘ ਆਦਿ ਤੋਂ ਇਲਾਵਾ ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਰਵਿੰਦਰ ਸਿੰਘ ਅਤੇ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਆਦਿ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਖੇਤੀਬਾੜੀ ਵਿਭਾਗ ਦੇ ਸਕੱਤਰ ਅਰਸ਼ਦੀਪ ਸਿੰਘ ਥਿੰਦ ਤੋਂ ਇਲਾਵਾ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

# ਵਿੱਤ ਵਿਭਾਗ ਵੱਲੋਂ 86 ਲੱਖ ਰੁਪਏ ਤੋਂ ਵੱਧ ਦੇ ਸ਼ੱਕੀ ਲੈਣ-ਦੇਣ ਲਈ 4 ਮੁਅੱਤਲ, ਕਈਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ

-ਮਾਨ ਸਰਕਾਰ ਕਿਸੇ ਵੀ ਪੱਧਰ 'ਤੇ ਭ੍ਰਿਸ਼ਟਾਚਾਰ ਨੂੰ ਬਰਦਾਸ਼ਤ ਨਹੀਂ ਕਰੇਗੀ : ਹਰਪਾਲ ਚੀਮਾ



ਚੰਡੀਗੜ੍ਹ, 5 ਦਸੰਬਰ (ਪੋਸਟ ਬਿਊਰੋ): ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿੱਤ ਵਿਭਾਗ ਨੇ ਸੂਬੇ ਦੇ ਖਜ਼ਾਨਾ ਦਫਤਰਾਂ ਸਬੰਧੀ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ 'ਤੇ ਸਖਤ ਕਾਰਵਾਈ ਕਰਦੇ ਹੋਏ ਇਕ ਸੀਨੀਅਰ ਸਹਾਇਕ ਨੂੰ ਮੁਅੱਤਲ ਕਰਨ ਤੋਂ ਇਲਾਵਾ ਕਈ ਹੋਰ ਅਧਿਕਾਰੀਆਂ/ਕਰਮਚਾਰੀਆਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕਰਨ ਦੇ ਹੁਕਮ ਜਾਰੀ ਕੀਤੇ ਹਨ, ਜਦੋਂਕਿ 86 ਲੱਖ ਰੁਪਏ ਤੋਂ ਵੱਧ ਦੇ ਸ਼ੱਕੀ ਲੈਣ-ਦੇਣ ਵਾਲੇ ਇਸ ਮਾਮਲੇ ਵਿੱਚ ਤਿੰਨ ਅਧਿਕਾਰੀ/ਕਰਮਚਾਰੀ ਪਹਿਲਾਂ ਹੀ ਮੁਅੱਤਲ ਹਨ। ਉਨ੍ਹਾਂ ਇਸ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦੇ ਹੁਕਮ ਵੀ ਦਿੱਤੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤਹਿਤ ਰਾਜ ਦੇ ਖਜ਼ਾਨਾ ਦਫਤਰਾਂ ਵਿੱਚ ਭ੍ਰਿਸ਼ਟਾਚਾਰ ਸਬੰਧੀ ਮਿਲੀਆਂ ਵੱਖ-ਵੱਖ ਸ਼ਿਕਾਇਤਾਂ ਦੀ ਜਾਂਚ ਕਰਨ ਲਈ 2 ਜੂਨ, 2022 ਨੂੰ ਵਿਭਾਗੀ ਜਾਂਚ ਕਮੇਟੀ ਦਾ ਗਠਨ ਕੀਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਜਾਂਚ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਇਕ ਸੁਪਰਡੈਂਟ, ਇਕ ਸੀਨੀਅਰ ਸਹਾਇਕ ਅਤੇ ਇਕ ਜੂਨੀਅਰ ਸਹਾਇਕ ਪਹਿਲਾਂ ਹੀ ਮੁਅੱਤਲ ਹਨ, ਜਦਕਿ ਇਕ ਸੀਨੀਅਰ ਸਹਾਇਕ ਨੂੰ ਅੱਜ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਸ਼ੱਕੀ ਵਿੱਤੀ ਲੈਣ-ਦੇਣ ਲਈ ਰਾਜ ਪੱਧਰੀ ਅਤੇ ਖੇਤਰੀ ਖਜ਼ਾਨਾ ਦਫਤਰਾਂ ਦੇ ਕਈ ਹੋਰ ਅਧਿਕਾਰੀਆਂ/ਕਰਮਚਾਰੀਆਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕੀਤੇ ਗਏ ਹਨ।

ਵਿੱਤ ਮੰਤਰੀ ਚੀਮਾ ਨੇ ਦੱਸਿਆ ਕਿ ਜਾਂਚ ਕਮੇਟੀ ਵੱਲੋਂ ਸੌਂਪੀ ਰਿਪੋਰਟ ਅਨੁਸਾਰ ਕੁੱਲ 86,44,022 ਰੁਪਏ ਦੇ ਸ਼ੱਕੀ ਲੈਣ-ਦੇਣ ਪਾਏ ਗਏ ਹਨ ਅਤੇ ਇਸ ਦੀ ਹੋਰ ਜਾਂਚ ਕੀਤੀ ਜਾ ਰਹੀ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਸਰਕਾਰ ਦੇ ਇਮਾਨਦਾਰ ਅਤੇ ਸਮਰਪਿਤ ਅਧਿਕਾਰੀਆਂ ਤੇ ਕਰਮਚਾਰੀਆਂ ਅਤੇ ਰਾਜ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੂਬੇ ਵਿੱਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀਆਂ ਪਹਿਲਕਦਮੀਆਂ ਦਾ ਸਮਰਥਨ ਕਰਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਪੱਧਰ 'ਤੇ ਬਰਦਾਸ਼ਤ ਨਹੀਂ ਕਰੇਗੀ।

# ਮੰਤਰੀ ਹਰਜੋਤ ਬੈਂਸ ਨੇ ਆਨੰਦਪੁਰ ਸਾਹਿਬ ਰੇਲਵੇ ਸਟੇਸ਼ਨ ਨੂੰ ਅਪਗ੍ਰੇਡ ਕਰਨ ਲਈ ਕੇਂਦਰੀ ਰੇਲ ਮੰਤਰੀ ਨੂੰ ਲਿਖਿਆ ਪੱਤਰ, ਮੀਟਿੰਗ ਲਈ ਵੀ ਮੰਗਿਆ ਸਮਾਂ



ਚੰਡੀਗੜ੍ਹ, 5 ਦਸੰਬਰ (ਪੋਸਟ ਬਿਊਰੋ): ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਵੰਦੇ ਭਾਰਤ ਐਕਸਪ੍ਰੈਸ ਦੇ ਨਿਰਵਿਘਨ ਸਟਾਪੇਜ ਲਈ ਸ੍ਰੀ ਅਨੰਦਪੁਰ ਸਾਹਿਬ ਰੇਲਵੇ ਸਟੇਸ਼ਨ ਨੂੰ ਅਪਗ੍ਰੇਡ ਕਰਨ ਦੀ ਮੰਗ ਕੀਤੀ ਹੈ।

ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੂੰ ਲਿਖੇ ਪੱਤਰ ਵਿੱਚ ਬੈਂਸ ਨੇ ਦੱਸਿਆ ਕਿ ਭਾਵੇਂ ਵੰਦੇ ਭਾਰਤ ਐਕਸਪ੍ਰੈਸ ਰੇਲ ਗੱਡੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਟਾਪੇਜ ਦਿੱਤਾ ਗਿਆ ਹੈ ਪਰ ਮੌਜੂਦਾ ਸਟੇਸ਼ਨ ਵਿੱਚ ਸਾਰੀਆਂ ਵੱਡੀਆਂ ਸਹੂਲਤਾਂ ਦੀ ਘਾਟ ਹੈ ਜਿਵੇਂ ਕਿ ਪੂਰੀ ਰੇਲ ਗੱਡੀ ਲਈ ਕੋਈ ਪਲੇਟਫਾਰਮ ਨਹੀਂ ਹੈ। ਪੂਰੇ ਸਟੇਸ਼ਨ ਦੇ ਆਧੁਨਿਕੀਕਰਨ ਤੋਂ ਇਲਾਵਾ ਪਲੇਟਫਾਰਮ ਨੂੰ ਅਪਗ੍ਰੇਡ ਕਰਨ ਦੀ ਫੌਰੀ ਲੋੜ ਹੈ।

ਨਵੀਂ ਦਿੱਲੀ ਤੋਂ ਊਨਾ (ਹਿਮਾਚਲ ਪ੍ਰਦੇਸ਼) ਤੱਕ ਨਵੀਂ ਸੁਪਰ ਸਪੀਡ ਰੇਲ ਗੱਡੀ 'ਵੰਦੇ ਭਾਰਤ ਐਕਸਪ੍ਰੈਸ' ਸ਼ੁਰੂ ਕਰਨ ਅਤੇ ਇਤਿਹਾਸਕ ਮਹੱਤਤਾ ਵਾਲੇ ਸਥਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਰੁਕਣ ਲਈ ਕੇਂਦਰੀ ਮੰਤਰੀ ਦਾ ਧੰਨਵਾਦ ਕਰਦਿਆਂ ਸ੍ਰੀ ਬੈਂਸ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਹੈ, ਜਿੱਥੇ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦਾ ਕੀਮਤੀ ਸਮਾਂ ਬਿਤਾਇਆ ਅਤੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ। ਦੇਸ਼-ਵਿਦੇਸ਼ ਦੇ ਕੋਨੇ-ਕੋਨੇ ਤੋਂ ਸ਼ਰਧਾਲੂ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਂਦੇ ਹਨ। ਇਸ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ ਤੋਂ ਥੋੜੀ ਦੂਰੀ 'ਤੇ ਸਥਿਤ ਮਾਤਾ ਸ੍ਰੀ ਨੈਣਾ ਦੇਵੀ ਜੀ ਦੇ ਮੰਦਰ ਵਿਚ ਵੀ ਬਹੁ-ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ ਅਤੇ ਨੰਗਲ ਡੈਮ ਇਕ ਸੈਰ-ਸਪਾਟਾ ਸਥਾਨ ਹੈ, ਇਨ੍ਹਾਂ ਅਹਿਮ ਪਹਿਲੂਆਂ ਨੂੰ ਧਿਆਨ ਵਿਚ ਰੱਖਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਰੇਲਵੇ ਸਟੇਸ਼ਨ ਨੂੰ ਅਪਗ੍ਰੇਡ ਕੀਤਾ ਜਾਣਾ ਚਾਹੀਦਾ ਹੈ। ਬੈਂਸ ਨੇ ਕੇਂਦਰੀ ਰੇਲ ਮੰਤਰੀ ਨਾਲ ਨਿੱਜੀ ਮੁਲਾਕਾਤ ਲਈ ਵੀ ਸਮਾਂ ਮੰਗਿਆ ਤਾਂ ਜੋ ਉਹ ਰੇਲਵੇ ਨਾਲ ਸਬੰਧਤ ਸਾਰੇ ਅਹਿਮ ਮੁੱਦੇ ਚੁੱਕ ਸਕਣ।

# ਤਾਲਿਬਾਨ ਨੇ ਔਰਤਾਂ ਨੂੰ ਇਕੱਲੇ ਖਰੀਦਦਾਰੀ ਕਰਨ ਜਾਣ 'ਤੇ ਖੁੱਲ੍ਹੇਆਮ ਮਾਰੇ ਕੋੜੇ



ਕਾਬੁਲ, 5 ਦਸੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਵਿਚ ਤਾਲਿਬਾਨ ਦੀ ਬੇਰਹਿਮੀ ਲਗਾਤਾਰ ਵਧਦੀ ਜਾ ਰਹੀ ਹੈ। ਜਦੋਂ ਤੋਂ ਤਾਲਿਬਾਨ ਨੇ ਸੱਤਾ ਸੰਭਾਲੀ ਹੈ, ਜਨਤਕ ਫਾਂਸੀ ਦੀ ਪ੍ਰਥਾ ਵਾਪਸ ਆ ਗਈ ਹੈ। ਹਰ ਰੋਜ ਅਜਿਹੀਆਂ ਦਰਦਨਾਕ ਵੀਡੀਓਜ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਵਿਚ ਔਰਤਾਂ 'ਤੇ ਅੱਤਿਆਚਾਰ ਹੁੰਦੇ ਨਜਰ ਆ ਰਹੇ ਹਨ। ਅਜਿਹਾ ਹੀ ਇਕ ਵੀਡੀਓ ਸੋਸਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਤਾਲਿਬਾਨ ਦੇ ਮੈਂਬਰ ਔਰਤਾਂ ਨੂੰ ਖੁੱਲ੍ਹੇਆਮ ਕੋੜੇ ਮਾਰ ਰਹੇ ਹਨ। ਤਾਲਿਬਾਨ ਦੇ ਸ਼ਰੀਆ ਕਾਨੂੰਨ ਮੁਤ-ਾਬਿਕ ਕਿਸੇ ਵੀ ਔਰਤ ਲਈ ਇਕੱਲੇ ਬਾਹਰ ਜਾ ਕੇ ਖਰੀਦਦਾਰੀ ਕਰਨ ਦੀ ਸਖਤ ਮਨਾਹੀ ਹੈ। ਦੱਸਿਆ ਜਾ ਰਿਹਾ ਹੈ ਕਿ ਜਿਨ੍ਹਾਂ ਔਰਤਾਂ ਦੀ ਕੁੱਟਮਾਰ ਕੀਤੀ ਜਾ ਰਹੀ ਹੈ, ਉਹ ਕਥਿਤ ਤੌਰ 'ਤੇ ਬਿਨਾਂ ਕਿਸੇ ਮਰਦ ਦੇ ਇਕੱਲੀਆਂ ਬਾਜ਼ਾਰ ਵਿਚ ਗਈਆਂ ਸਨ।

ਕਰੀਬ ਦੋ ਮਿੰਟ ਦਾ ਵੀਡੀਓ ਕਥਿਤ ਤੌਰ 'ਤੇ ਤਖਾਰ ਸੂਬੇ ਦਾ ਹੈ। ਇਸ ਤੋਂ ਪਹਿਲਾਂ 23 ਨਵੰਬਰ ਨੂੰ ਤਾਲਿਬਾਨ ਨੇ ਕੁਝ ਔਰਤਾਂ ਨੂੰ ਜਨਤਕ ਤੌਰ 'ਤੇ ਕੋੜੇ ਮਾਰੇ ਸਨ। ਇਨ੍ਹਾਂ ਔਰਤਾਂ 'ਤੇ ਨੈਤਿਕ ਗਿਰਾਵਟ ਦਾ ਦੋਸ਼ ਲਗਾਇਆ ਗਿਆ ਸੀ।

ਇਸ ਤੋਂ ਪਹਿਲਾਂ 24 ਨਵੰਬਰ ਨੂੰ ਤਾਲਿਬਾਨ ਨੇ ਫੁੱਟਬਾਲ ਸਟੇਡੀਅਮ ਵਿਚ ਹਜਾਰਾਂ ਦੀ ਭੀੜ ਦੇ ਸਾਹਮਣੇ ਨੈਤਿਕ ਅਪਰਾਧਾਂ ਦੇ ਦੋਸ਼ੀ 12 ਲੋਕਾਂ ਨੂੰ ਕੁੱਟਿਆ ਸੀ। ਇਨ੍ਹਾਂ 12 ਵਿਅਕਤੀਆਂ ਵਿਚ ਤਿੰਨ ਔਰਤਾਂ ਵੀ ਸ਼ਾਮਲ ਸਨ। ਤਾਲਿਬਾਨ ਦੇ ਇਕ ਅਧਿਕਾਰੀ ਮੁਤਾਬਕ ਇਨ੍ਹਾਂ ਲੋਕਾਂ 'ਤੇ ਚੋਰੀ, ਸਮਲਿੰਗੀ ਸੈਕਸ ਦੇ ਦੋਸ਼ ਸਨ। ਅਜਿਹਾ ਨਵੰਬਰ ਦੇ ਮਹੀਨੇ ਵਿਚ ਦੂਜੀ ਵਾਰ ਹੋਇਆ ਜਦੋਂ ਤਾਲਿਬਾਨ ਨੇ ਕਿਸੇ ਅਪਰਾਧ ਲਈ ਜਨਤਕ ਥਾਂ 'ਤੇ ਲੋਕਾਂ ਨੂੰ ਸਜ਼ਾ ਦਿੱਤੀ।

ਦੱਸ ਦੇਈਏ ਕਿ ਤਾਲਿਬਾਨ ਨੇ ਪਿਛਲੇ ਸਾਲ 15 ਅਗਸਤ ਨੂੰ ਅਫਗਾਨਿਸਤਾਨ 'ਤੇ ਕਬਜ਼ਾ ਕਰ ਲਿਆ ਸੀ। ਇਸ ਤੋਂ ਪਹਿਲਾਂ ਅਮਰੀਕਾ ਅਤੇ ਨਾਟੋ ਦੇਸ਼ਾਂ ਦੇ ਫੌਜੀ ਅਫਗਾਨਿਸਤਾਨ ਛੱਡ ਚੁੱਕੇ ਸਨ। ਇਸ ਦੌਰਾਨ ਕਈ ਵਾਰ ਮਨੁੱਖੀ ਅਧਿਕਾਰ ਕਾਰਕੁੰਨ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਨੂੰ ਲੈ ਕੇ ਸੰਯੁਕਤ ਰਾਸਟਰ ਨੂੰ ਅਪੀਲ ਕਰ ਚੁੱਕੇ ਹਨ। ਇਸ ਕੜੀ ਵਿਚ ਸੰਯੁਕਤ ਰਾਸਟਰ ਦੀ ਟੀਮ ਦੇ ਮਾਹਿਰਾਂ ਨੇ ਇਸ ਗੱਲ 'ਤੇ ਸਹਿਮਤੀ ਜਤਾਈ ਹੈ ਕਿ ਤਾਲਿਬਾਨ ਔਰਤਾਂ ਨਾਲ ਜੋ ਕਰ ਰਿਹਾ ਹੈ, ਉਹ ਮਨੁੱਖਤਾ ਵਿਰੁੱਧ ਅਪਰਾਧ ਹੈ।

ਇਸ ਤਰ੍ਹਾਂ ਤਾਲਿਬਾਨ ਦੇ ਸੁਪਰੀਮ ਲੀਡਰ ਹਿਬਤੁੱਲਾ ਅਖੂੰਦਜਾਦਾ ਦੇ ਹੁਕਮਾਂ ਤੋਂ ਬਾਅਦ ਜਨਤਕ ਥਾਵਾਂ 'ਤੇ ਸਜਾ ਦੇਣ ਦੀ ਪ੍ਰਥਾ ਸੁਰੂ ਹੋ ਗਈ ਹੈ। ਇਹ ਸਾਰੀਆਂ ਸਜਾਵਾਂ ਸ਼ਰੀਆ ਕਾਨੂੰਨ ਅਨੁਸਾਰ ਦਿੱਤੀਆਂ ਜਾ ਰਹੀਆਂ ਹਨ। ਪਿਛਲੇ ਹਫਤੇ ਅਫਗਾਨਿਸਤਾਨ ਦੇ ਤਖਾਰ ਸੂਬੇ ਤੋਂ ਅਜਿਹਾ ਹੀ ਮਾਮਲਾ ਸਾਹਮਣੇ ਆਇਆ ਸੀ। ਇਸ ਵਿਚ 19 ਲੋਕਾਂ ਨੂੰ ਸਜ਼ਾ ਹੋਈ ਹੈ। ਨੂਰਿਸਤਾਨ ਸੂਬੇ ਵਿਚ ਸੰਗੀਤ ਸੁਣਨ 'ਤੇ ਇਕ ਔਰਤ ਨੂੰ ਕੁੱਟਿਆ ਗਿਆ।

# ਲਖੀਮਪੁਰ ਮਾਮਲੇ ਵਿਚ ਆਸ਼ੀਸ਼ ਮਿਸ਼ਰਾ ਨੂੰ ਝਟਕਾ, ਬਰੀ ਕਰਨ ਦੀ ਅਰਜ਼ੀ ਖਾਰਜ, ਦੋਸ਼ਾਂ 'ਤੇ ਕੱਲ੍ਹ ਹੋਵੇਗਾ ਫੈਸਲਾ

ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਦੇ ਬੇਟੇ ਆਸ਼ੀਸ਼ ਮਿਸ਼ਰਾ ਨੂੰ ਝਟਕਾ ਲੱਗਾ ਹੈ। ਲਖੀਮਪੁਰ ਖੀਰੀ ਮਾਮਲੇ ਵਿਚ ਅਦਾਲਤ ਨੇ ਉਸ ਨੂੰ ਡਿਸਚਾਰਜ ਕਰਨ ਦੀ ਅਰਜ਼ੀ ਰੱਦ ਕਰ ਦਿੱਤੀ ਹੈ। ਭਲਕੇ ਆਸ਼ੀਸ਼ ਖਿਲਾਫ਼ ਦੋਸ਼ ਆਇਦ ਕੀਤੇ ਜਾਣਗੇ। ਆਸ਼ੀਸ਼ 'ਤੇ ਚਾਰ ਕਿਸਾਨਾਂ ਅਤੇ ਇਕ ਪੱਤਰਕਾਰ 'ਤੇ ਆਪਣੀ ਗੱਡੀ ਚੜ੍ਹਾਉਣ ਦਾ ਦੋਸ਼ ਹੈ। ਪਿਛਲੇ ਸਾਲ 3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿਚ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਰੋਸ ਮਾਰਚ ਦੌਰਾਨ ਆਸ਼ੀਸ਼ ਮਿਸ਼ਰਾ ਨੇ ਕਥਿਤ ਤੌਰ 'ਤੇ ਮਹਿੰਦਰਾ ਥਾਰ ਗੱਡੀ ਚਲਾ ਕੇ ਚਾਰ ਕਿਸਾਨਾਂ ਅਤੇ ਇੱਕ ਪੱਤਰਕਾਰ 'ਤੇ ਚੜ੍ਹਾ ਦਿੱਤੀ ਸੀ। ਉਸ ਨੂੰ ਕੁਝ ਦਿਨਾਂ ਬਾਅਦ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਸ ਅਤੇ ਪ੍ਰਸ਼ਾਸਨ 'ਤੇ ਜਾਂਚ ਦੀ ਸੁਸਤ ਰਫ਼ਤਾਰ ਦੇ ਦੋਸ਼ਾਂ ਤੋਂ ਬਾਅਦ ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਅਦਾਲਤ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਸਨ।

ਦੱਸ ਦਈਏ ਕਿ ਪਿਛਲੇ ਸਾਲ 3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿਚ ਹਿੰਸਾ ਦੌਰਾਨ 8 ਲੋਕਾਂ ਦੀ ਮੌਤ ਹੋ ਗਈ ਸੀ। ਇਹ ਹਿੰਸਾ ਉਸ ਸਮੇਂ ਹੋਈ ਜਦੋਂ ਕਿਸਾਨ ਉਤਰ ਪ੍ਰਦੇਸ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਦੇ ਇਲਾਕੇ ਦੇ ਦੌਰੇ ਦਾ ਵਿਰੋਧ ਕਰ ਰਹੇ ਸਨ। ਉਤਰ ਪ੍ਰਦੇਸ ਪੁਲਸ ਦੀ ਐਫ.ਆਈ.ਆਰ. ਅਨੁਸਾਰ ਇਕ ਵਾਹਨ ਜਿਸ ਵਿਚ ਆਸ਼ੀਸ਼ ਮਿਸ਼ਰਾ ਬੈਠੇ ਸਨ, ਨੇ ਚਾਰ ਕਿਸਾਨਾਂ ਨੂੰ ਟੱਕਰ ਮਾਰ ਦਿੱਤੀ। ਘਟਨਾ ਤੋਂ ਬਾਅਦ ਗੁੱਸੇ ਵਿਚ ਆਏ ਕਿਸਾਨਾਂ ਨੇ ਡਰਾਈਵਰ ਅਤੇ ਦੋ ਭਾਜਪਾ ਵਰਕਰਾਂ ਦੀ ਕਥਿਤ ਤੌਰ 'ਤੇ ਕੁੱਟਮਾਰ ਕੀਤੀ। ਇਸ ਦੌਰਾਨ ਹੋਈ ਹਿੰਸਾ ਵਿਚ ਇੱਕ ਪੱਤਰਕਾਰ ਦੀ ਵੀ ਮੌਤ ਹੋ ਗਈ ਸੀ।

ਲਖੀਮਪੁਰ ਖੀਰੀ ਹਿੰਸਾ ਦੀ ਜਾਂਚ 'ਤੇ ਨਜ਼ਰ ਰੱਖਣ ਲਈ ਸੁਪਰੀਮ ਕੋਰਟ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜੱਜ ਰਾਕੇਸ਼ ਕੁਮਾਰ ਜੈਨ ਦੀ ਅਗਵਾਈ ਹੇਠ ਕਮੇਟੀ ਦਾ ਗਠਨ ਕੀਤਾ ਗਿਆ ਸੀ।

## ਟ੍ਰਾਂਸਪਲਾਂਟ ਨਿਯਮਾਂ ਵਿਚ ਇਕਸਾਰਤਾ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਵਿਚਾਰ ਕਰੇ ਕੇਂਦਰ: ਸੁਪਰੀਮ ਕੋਰਟ

ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕੇਂਦਰ ਨੂੰ ਕਿਹਾ ਕਿ ਉਹ ਰਾਜਾਂ ਵਿਚ ਮ੍ਰਿਤਕ ਸਰੀਰ ਦੇ ਅੰਗਾਂ ਦੇ ਟ੍ਰਾਂਸਪਲਾਂਟ ਨਾਲ ਸਬੰਧਤ ਨਿਯਮਾਂ ਵਿਚ ਇਕਸਾਰਤਾ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਵਿਚਾਰ ਕਰੇ। ਚੀਫ ਜਸਟਿਸ ਡੀ.ਵਾਈ. ਚੰਦਰਚੂੜ ਅਤੇ ਜਸਟਿਸ ਪੀ.ਐੱਸ. ਨਰਸਿੰਘ ਦੀ ਬੈਂਚ ਨੂੰ ਅੰਗ ਟਰਾਂਸਪਲਾਂਟ ਨਾਲ ਸਬੰਧਤ ਨਿਯਮਾਂ ਵਿਚ ਇਕਸਾਰਤਾ ਦੀ ਘਾਟ ਬਾਰੇ ਜਾਣੂ ਕਰਵਾਇਆ ਗਿਆ ਸੀ। ਬੈਂਚ 'ਗਿਫਟ ਆਫ ਲਾਈਫ ਐਡਵੈਂਚਰ ਫਾਊਂਡੇਸਨ' ਨਾਂ ਦੀ ਸੰਸਥਾ ਵਲੋਂ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਮ੍ਰਿਤਕ ਸਰੀਰ ਦੇ ਅੰਗਾਂ ਦੇ ਟਰਾਂਸਪਲਾਂਟ ਦੇ ਮਾਮਲੇ ਵਿਚ ਇਕ ਰਾਜ ਵਿਚ ਅੰਗ ਪ੍ਰਾਪਤ ਕਰਤਾ ਵਜੋਂ ਰਜਿਸਟਰ ਹੋਣ ਲਈ ਨਿਵਾਸ ਪ੍ਰਮਾਣ ਪੱਤਰ ਜਮ੍ਹਾਂ ਕਰਾਉਣ ਦਾ ਨਿਯਮ 'ਮਨਮਾਨਾ' ਹੈ। ਇਸ ਵਿਚ ਕਿਹਾ ਗਿਆ ਹੈ ਕਿ ਨਿਯਮਾਂ ਵਿਚ ਇਕਸਾਰਤਾ ਦੀ ਘਾਟ ਕਾਰਣ ਕੁਝ ਰਾਜਾਂ ਨੇ ਕਿਸੇ ਵਿਅਕਤੀ ਨੂੰ ਮ੍ਰਿਤਕ ਸਰੀਰ ਦੇ ਅੰਗਾਂ ਦੇ ਟ੍ਰਾਂਸਪਲਾਂਟ ਲਈ ਯੋਗ ਬਣਨ ਲਈ 10 ਤੋਂ 15 ਸਾਲ ਦੀ ਮਿਆਦ ਦੇ ਨਿਵਾਸ ਪ੍ਰਮਾਣ ਪੱਤਰ ਵਰਗੀਆਂ ਸ਼ਰਤਾਂ ਲਗਾਈਆਂ ਹਨ।

ਬੈਂਚ ਨੇ ਜਨਹਿਤ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ, ਪਰ ਇਹ ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੂੰ ਇਕਸਾਰ ਨਿਯਮਾਂ ਦੀ ਘਾਟ ਦੇ ਮੁੱਦੇ 'ਤੇ ਪਟੀਸ਼ਨ 'ਤੇ ਵਿਚਾਰ ਕਰਨ ਲਈ ਕਹਿਣ ਲਈ ਸਹਿਮਤ ਹੋ ਗਿਆ। ਪਟੀਸਨ ਵਿਚ ਰਾਜਾਂ ਨੂੰ ਮਨੁੱਖੀ ਅੰਗਾਂ ਅਤੇ ਟਿਸ਼ੂਆਂ ਦੇ ਟਰਾਂਸਪਲਾਂਟੇਸਨ ਐਕਟ, 1994 ਦੇ ਤਹਿਤ ਨਿਯਮਾਂ ਵਿਚ ਇਕਸਾਰਤਾ ਲਿਆਉਣ ਲਈ ਦਿਸ਼ਾ-ਨਿਰਦੇਸ ਤਿਆਰ ਕਰਨ ਦੀ ਮੰਗ ਕੀਤੀ ਗਈ ਸੀ।

# ਨਕਸਲਵਾਦ ਖਿਲਾਫ ਸੀਆਰ.ਪੀਐੱਫ਼.ਨੂੰ ਮਿਲੀ ਵੱਡੀ ਸਫਲਤਾ, 5 ਨਕਸਲੀ ਗ੍ਰਿਫਤਾਰ, 7 ਨੇ ਕੀਤਾ ਆਤਮ ਸਮਰਪਣ



ਆਂਧਰਾ ਪ੍ਰਦੇਸ਼, 5 ਦਸੰਬਰ (ਪੋਸਟ ਬਿਊਰੋ)- ਕੇਂਦਰੀ ਰਿਜ਼ਰਵ ਪੁਲਸ ਫੋਰਸ (ਸੀ.ਆਰ.ਪੀ.ਐਫ.) ਨੇ ਖੱਬੇ ਪੱਖੀ ਕੱਟੜਵਾਦ ਦੇ ਖਿਲਾਫ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ। ਸੁਰੱਖਿਆ ਬਲਾਂ ਨੇ 3 ਰਾਜਾਂ ਵਿਚ ਵੱਖ-ਵੱਖ ਅਪ੍ਰੇਸ਼ਨਾਂ ਦੌਰਾਨ 5 ਨਕਸਲੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਇਸ ਦੇ ਨਾਲ ਹੀ 7 ਨਕਸਲੀਆਂ ਨੇ ਆਤਮ ਸਮਰਪਣ ਕੀਤਾ ਹੈ। ਇਨ੍ਹਾਂ ਸਫ਼ਲ ਅਪ੍ਰੇਸ਼ਨਾਂ ਤੋਂ ਬਾਅਦ ਸੀ.ਆਰ.ਪੀ.ਐੱਫ਼. ਦੇ ਬੁਲਾਰੇ ਨੇ ਕਿਹਾ, 'ਐਤਵਾਰ ਨੂੰ 3 ਰਾਜਾਂ ਵਿਚ 5 ਨਕਸਲੀ ਫੜ੍ਹੇ ਗਏ ਅਤੇ 7 ਨੇ ਸੁਰੱਖਿਆ ਬਲਾਂ ਅੱਗੇ ਆਤਮ ਸਮਰਪਣ ਕਰ ਦਿੱਤਾ। ਜਾਣਕਾਰੀ ਮੁਤਾਬਕ ਤੇਲੰਗਾਨਾ ਵਿਚ ਸੀ.ਆਰ.ਪੀ.ਐੱਫ਼. ਅਤੇ ਪੁਲਸ ਯੂਨਿਟਾਂ ਨੇ ਸਾਂਝੇ ਆਪ੍ਰੇਸ਼ਨ ਵਿਚ ਕੇ ਚੇਰਲਾ ਪੁਲਸ ਚੌਕੀ ਦੇ ਅਧੀਨ ਜੰਗਲੀ ਖੇਤਰ ਤੋਂ 5 ਮਿਲੀਸ਼ੀਆ ਨੂੰ ਗ੍ਰਿਫ਼ਤਾਰ ਕੀਤਾ।'


ਆਂਧਰਾ ਪ੍ਰਦੇਸ ਵਿਚ, ਯਟਾਪਾਕਾ ਵਿਖੇ 2 ਮਾਓਵਾਦੀਆਂ ਨੇ ਸੀ.ਆਰ.ਪੀ.ਐੱਫ਼. ਅਤੇ ਆਂਧਰਾ ਪ੍ਰਦੇਸ਼ ਪੁਲਸ ਅਧਿਕਾਰੀਆਂ ਅੱਗੇ ਆਤਮ ਸਮਰਪਣ ਕਰ ਦਿੱਤਾ। ਇਸ ਤੋਂ ਇਲਾਵਾ ਛੱਤੀਸਗੜ੍ਹ ਦੇ ਸੁਕਮਾ ਵਿਚ 4 ਮਾਓਵਾਦੀ ਅਤੇ ਚਿੰਤਾਗੁਫਾ ਵਿਚ 1 ਨਕਸਲੀ ਨੇ ਸੀ.ਆਰ.ਪੀ.ਐੱਫ਼. ਅਤੇ ਛੱਤੀਸਗੜ੍ਹ ਪੁਲਸ ਅਧਿਕਾਰੀਆਂ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ।

ਇਸ ਦੇ ਨਾਲ ਹੀ ਛੱਤੀਸਗੜ੍ਹ ਦੇ ਸੁਕਮਾ ਵਿਚ ਇਕ ਹੋਰ ਅਪ੍ਰੇਸ਼ਨ ਵਿਚ ਸੀ.ਆਰ.ਪੀ.ਐੱਫ਼. ਅਤੇ ਸੂਬਾ ਪੁਲਸ ਨੂੰ ਵੱਡੀ ਸਫਲਤਾ ਮਿਲੀ ਹੈ। ਇੱਥੋਂ ਸੀ.ਆਰ.ਪੀ.ਐੱਫ਼. ਨੇ 02 ਭਰਮਾਰ ਰਾਈਫਲਾਂ, 03 ਰਾਈਫਲ ਬੈਰਲ, ਕੋਰਡਟੈਕਸ ਤਾਰ, ਸਪਲਿੰਟਰ, ਗਨ ਪਾਊਡਰ, ਵੋਲਟਾਮੀਟਰ, ਅਤੇ ਆਈ.ਈ.ਡੀ. ਲਈ ਪ੍ਰੈਸ਼ਰ ਮਕੈਨਿਜ਼ਮ ਟ੍ਰਿਗਰ ਬਰਾਮਦ ਕੀਤੇ।

ਸੀ.ਆਰ.ਪੀ.ਐੱਫ਼. ਨੇ ਦੱਸਿਆ ਕਿ ਨਕਸਲੀ ਖਤਰੇ ਦਾ ਮੁਕਾਬਲਾ ਕਰਨ ਲਈ ਫੋਰਸ ਨੇ ਆਪ੍ਰੇਸ਼ਨ ਚਲਾਉਣ, ਨਕਸਲੀ ਸਪਲਾਈ ਲਾਈਨਾਂ ਨੂੰ ਬੰਦ ਕਰਨ, ਮੁੱਖ ਖੇਤਰਾਂ ਵਿਚ ਨਵੇਂ ਕੈਂਪ ਸਥਾਪਤ ਕਰਨ ਅਤੇ ਮਾਓਵਾਦੀਆਂ ਨੂੰ ਹਥਿਆਰ ਸੁੱਟਣ ਅਤੇ ਮੁੱਖ ਧਾਰਾ ਵਿਚ ਸ਼ਾਮਲ ਹੋਣ ਦੀ ਅਪੀਲ ਕਰਨ ਦੀ ਬਹੁ-ਪੱਖੀ ਰਣਨੀਤੀ ਅਪਣਾਈ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਨੂੰ ਇਸ ਵਿਚ ਸਫ਼ਲਤਾ ਮਿਲ ਰਹੀ ਹੈ।

ਨਵੀਂ ਕਿਤਾਬ ਵਿਚ ਵਿਗਿਆਨੀ ਦਾ ਦਾਅਵਾ:

# ਕੋਵਿਡ 19 ਮਨੁੱਖ ਨੇ ਬਣਾਇਆ, ਚੀਨ ਦੀ ਵੂਹਾਨ ਲੈਬ ਤੋਂ ਹੋਇਆ ਲੀਕ



ਬੀਜਿੰਗ, 05 ਦਸੰਬਰ (ਪੋਸਟ ਬਿਊਰੋ)- ਚੀਨ ਦੀ ਵਿਵਾਦਤ ਵੁਹਾਨ ਲੈਬ ਵਿਚ ਕੰਮ ਕਰਨ ਵਾਲੇ ਇਕ ਅਮਰੀਕੀ ਵਿਗਿਆਨੀ ਨੇ ਸਨਸਨੀਖੇਜ ਦਾਅਵਾ ਕੀਤਾ ਹੈ। ਇਸ ਵਿਗਿਆਨੀ ਦਾ ਕਹਿਣਾ ਹੈ ਕਿ ਕੋਵਿਡ-19 ਨੂੰ ਲੈਬ ਵਿਚ ਵਾਇਰਸ ਦੁਆਰਾ ਤਿਆਰ ਕੀਤਾ ਗਿਆ ਸੀ ਜੋ ਲੀਕ ਹੋ ਗਿਆ ਸੀ। ਅਮਰੀਕੀ ਖੋਜਕਰਤਾ ਐਂਡਰਿਊ ਹਫ ਦੁਆਰਾ ਬ੍ਰਿਟਿਸ ਅਖਬਾਰ 'ਦੀ ਸਨ' ਨੂੰ ਦਿੱਤੇ ਗਏ ਬਿਆਨ ਦੇ ਆਧਾਰ 'ਤੇ ਨਿਊਯਾਰਕ ਪੋਸਟ ਨੇ ਲਿਖਿਆ ਕਿ ਕੋਵਿਡ ਵਾਇਰਸ ਦੋ ਸਾਲ ਪਹਿਲਾਂ ਵੂਹਾਨ ਇੰਸਟੀਚਿਊਟ ਆਫ ਵਾਇਰੋਲੋਜੀ ਤੋਂ ਲੀਕ ਹੋਇਆ ਸੀ, ਜੋ ਕਿ ਸਰਕਾਰ ਦੁਆਰਾ ਫੰਡ ਪ੍ਰਾਪਤ ਖੋਜ ਸਹੂਲਤ ਹੈ।

ਆਪਣੀ ਨਵੀਂ ਕਿਤਾਬ, "ਵੂਹਾਨ ਦਾ ਸੱਚ" ਵਿਚ ਮਹਾਂਮਾਰੀ ਵਿਗਿਆਨੀ ਹਫ ਨੇ ਦਾਅਵਾ ਕੀਤਾ ਹੈ ਕਿ ਮਹਾਂਮਾਰੀ ਚੀਨ ਵਿਚ ਕੋਰੋਨਾਵਾਇਰਸ 'ਤੇ ਖੋਜ ਲਈ ਅਮਰੀਕੀ ਫੰਡਿੰਗ ਕਾਰਨ ਹੋਈ ਸੀ। ਹਫ ਦੀ ਕਿਤਾਬ ਦੇ ਕੁਝ ਹਿੱਸੇ ਬ੍ਰਿਟਿਸ ਟੈਬਲਾਇਡ ਅਖਬਾਰ ਦ ਸਨ ਵਲੋਂ ਪ੍ਰਕਾਸ਼ਿਤ ਕੀਤੇ ਗਏ ਹਨ। ਹਫ ਈਕੋਹੈਲਥ ਅਲਾਇੰਸ ਦੇ ਸਾਬਕਾ ਉਪ ਪ੍ਰਧਾਨ ਹਨ। ਇਹ ਨਿਊਯਾਰਕ-ਅਧਾਰਤ ਗੈਰ-ਮੁਨਾਫਾ ਸੰਸਥਾ ਹੈ ਜੋ ਛੂਤ ਦੀਆਂ ਬਿਮਾਰੀਆਂ 'ਤੇ ਖੋਜ ਕਰਦੀ ਹੈ।

ਹਫ ਨੇ ਆਪਣੀ ਕਿਤਾਬ ਵਿਚ ਦਾਅਵਾ ਕੀਤਾ ਹੈ ਕਿ ਚੀਨ ਵਿਚ ਕੋਰੋਨਾ ਵਾਇਰਸ ਦੀ ਸਮਰੱਥਾ ਨੂੰ ਵਧਾਉਣ ਲਈ ਸਹੀ ਸੁਰੱਖਿਆ ਦੇ ਬਿਨਾਂ ਖੋਜ ਕੀਤੀ ਗਈ ਸੀ। ਇਸ ਕਾਰਨ ਵੂਹਾਨ ਲੈਬ ਤੋਂ ਕੋਰੋਨਾ ਵਾਇਰਸ ਲੀਕ ਹੋ ਗਿਆ।

ਵੂਹਾਨ ਲੈਬ ਆਪਣੀ ਸ਼ੁਰੂਆਤ ਤੋਂ ਹੀ ਕੋਰੋਨਾ ਦੀ ਉਤਪਤੀ ਨੂੰ ਲੈ ਕੇ ਇੱਕ ਗਰਮ ਬਹਿਸ ਦੇ ਕੇਂਦਰ ਵਿਚ ਰਹੀ ਹੈ, ਚੀਨੀ ਸਰਕਾਰੀ ਅਧਿਕਾਰੀ ਅਤੇ ਲੈਬ ਸਟਾਫ ਦੋਵਾਂ ਨੇ ਇਸ ਗੱਲ ਤੋਂ ਇਨਕ-ਾਰ ਕੀਤਾ ਹੈ ਕਿ ਕੋਰੋਨਾਵਾਇਰਸ ਉੱਥੋਂ ਪੈਦਾ ਹੋਇਆ ਸੀ। ਹਫ ਨੇ ਆਪਣੀ ਕਿਤਾਬ ਵਿਚ ਕਿਹਾ ਹੈ ਕਿ ਵਿਦੇਸਾਂ ਵਿਚ ਲੈਬਾਂ ਵਿਚ ਸਹੀ ਬਾਇਓਸੁਰੱਖਿਆ, ਬਾਇਓਸਕਿਓਰਿਟੀ ਅਤੇ ਜੋਖਮ ਪ੍ਰਬੰਧਨ ਉਪਾਅ ਨਹੀਂ ਸਨ, ਜਿਸ ਕਾਰਨ ਵੂਹਾਨ ਇੰਸਟੀਚਿਊਟ ਆਫ ਵਾਇਰੋਲੋਜੀ ਤੋਂ ਕੋਰੋਨਾਵਾਇਰਸ ਲੀਕ ਹੋਇਆ।

ਪਿਛਲੇ ਦਹਾਕੇ ਤੋਂ, ਯੂ.ਐੱਸ. ਨੈਸਨਲ ਇੰਸਟੀਚਿਊਟ ਆਫ ਹੈਲਥ ਦੁਆਰਾ ਫੰਡ ਪ੍ਰਾਪਤ ਵੂਹਾਨ ਇੰਸਟੀਚਿਊਟ ਆਫ ਵਾਇਰੋਲੋਜੀ, ਚਮਗਿੱਦੜਾਂ ਵਿਚ ਪਾਏ ਜਾਣ ਵਾਲੇ ਕਈ ਕੋਰੋਨਵਾਇਰਸ ਦੀ ਖੋਜ ਕਰ ਰਹੀ ਹੈ ਅਤੇ ਕਦੇ ਵੀ ਵੂਹਾਨ ਲੈਬ ਨਾਲ ਆਪਣੇ ਨਜਦੀਕੀ ਸਬੰਧਾਂ ਨੂੰ ਜਨਤਕ ਨਹੀਂ ਕੀਤਾ ਹੈ।

